ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 251 Website : www.punjabiakhbaar.ca Email: editor@punjabiakhbaar.ca Friday, 6 September 2024

## ਪਰਮਾਨੈਂਟ ਰੈਜੀਡੈਂਸੀ ਦੀ ਗਿਣਤੀ ਘਟਾਉਣ ਉੱਪਰ ਵੀ ਵਿਚਾਰ ਚੱਲ ਰਿਹਾ ਹੈ ਟਰੂਡੋ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿੱਚ ਘੱਟ ਮਿਹਨਤਾਨੇ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਘੱਟ ਕੀਤੀ ਜਾਵੇਗੀ। ਹੈਲੀਫੈਕਸ 'ਚ ਮੰਤਰੀ ਮੰਡਲ ਦੀ ਮੀਟਿੰਗ ਦੇ ਦੌਰਾਨ ਉਹਨਾਂ ਆਖਿਆ ਕਿ ਕਰੋਨਾ ਮਹਾਂਮਾਰੀ ਦੇ ਦੌਰਾਨ ਬਿਜ਼ਨਸ ਅਦਾਰਿਆਂ ਨੂੰ ਇਹ ਸਹੂਲਤ ਦਿੱਤੀ ਗਈ ਸੀ ਕਿ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਉਹ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਧਾ ਸਕਦੇ ਹਨ ਪਰ ਹੁਣ ਸਥਿਤੀ ਬਦਲ ਚੁੱਕੀ ਹੈ ਅਤੇ ਆਰਥਿਕਤਾ ਲੀਹ 'ਤੇ ਪੈ ਚੁੱਕੀ ਹੈ। ਇਸ ਕਾਰਨ ਇਹਨਾਂ ਘੱਟ ਮਿਹਨਤਾਂਨੇ ਵਾਲੇ ਅਸਥਾਈ ਕਾਮਿਆਂ ਦੇ ਕੰਮ ਕਰਨ ਦੀ ਮਿਆਦ ਦੋ ਸਾਲ ਤੋਂ ਘੱਟ ਕਰਕੇ ਇੱਕ ਸਾਲ ਕੀਤੀ ਜਾ ਰਹੀ ਹੈ ਜਦੋਂ ਕਿ ਬਿਜਨਸ ਅਦਾਰੇ ਆਪਣੇ ਵਰਕਰਾਂ ਦੀ ਗਿਣਤੀ ਦੇ 20 ਫੀਸਦੀ ਦੀ ਜਗ੍ਹਾ ਹੁਣ 10 ਫੀਸਦੀ ਹੀ ਅਸਥਾਈ ਵਿਦੇਸ਼ੀ ਕਾਮੇ ਰੱਖ ਸਕਣਗੇ ਤਾਂਕਿ ਕੈਨੇਡਾ ਦੇ ਲੋਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ।




## ਰੀਜਾਇਨਾ ਦੇ ਵਾਰਡ 4 ਤੋਂ ਬਲਵੀਰ ਭੱਠਲ, ਕੌਂਸਲਰ ਲਈ ਉਮੀਦਵਾਰ ਹੋਣਗੇ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 13 ਨਵੰਬਰ, 2024 ਨੂੰ ਹੋਣ ਵਾਲੀਆਂ ਰੀਜਾਇਨਾ ਸਿਟੀ ਦੀਆਂ ਚੋਣਾਂ ਵਿੱਚ ਵਾਰਡ 4 ਲਈ ਕੌਂਸਲਰ ਦੇ ਅਹੁਦੇ ਲਈ ਪੰਜਾਬੀ ਮੂਲ ਦਾ ਉਮੀਦਵਾਰ ਬਲਵੀਰ ਭੱਠਲ ਚੋਣ ਲੜ ਰਿਹਾ ਹੈ। ਇਸ ਐਲਾਨ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲ ਬਾਤ ਦੌਰਾਨ ਭੱਠਲ ਸਾਹਿਬ ਦਾ ਕਹਿਣਾ ਹੈ ਕਿ ਮੈਂ ਗੁਰੂਘਰ ਵਿਖੇ ਪਿਛਲੇ ਕਈ ਸਾਲਾਂ ਤੋਂ ਸੇਵਾ ਨਿਭਾਈ ਹੈ ਅਤੇ ਹੁਣ ਇਸ ਖੇਤਰ ਵਿੱਚ ਸਾਡੇ ਭਾਈਚਾਰੇ ਦੀ ਸੇਵਾ ਕਰਨ, ਉਹਨਾਂ ਦੀਆਂ ਲੋੜਾਂ ਨੂੰ ਸਮਝਣ, ਅਤੇ ਸਕਾਰਾਤਮਕ ਤਬਦੀਲੀਆਂ ਲਿਆਉਣ ਲਈ ਚੋਣ ਮੈਦਾਨ ਵਿੱਚ ਉਤਰਿਆ ਹਾਂ। ਮੇਰਾ ਖਿਆਲ ਹੈ ਕਿ ਸਾਡੇ ਭਾਈਚਾਰੇ ਦੀ ਨੁਮਾਇੰਦਗੀ ਕਰਨ ਲਈ ਅਜਿਹਾ ਕਰਨਾ ਜਰੂਰੀ ਹੈ। ਜਦੋਂ ਮੈਂ ਲੋਕਾਂ ਦਾ ਨੁਮਾਇੰਦਾ ਬਣਕੇ ਸਿਟੀ ਕੌਂਸਿਲ ਵਿੱਚ ਬੈਠਾਂਗਾ ਤਾਂ ਸਾਡੇ ਟੈਕਸ ਰਾਹੀ ਪੇਅ ਕੀਤੇ ਡਾਲਰਾਂ ਦੀ ਯੋਗ ਵਰਤੋਂ, ਜ਼ਿੰਮੇਵਾਰੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਯਕੀਨੀ ਬਣਾਵਾਗਾ। ਮੈਨੂੰ ਸਮੁੱਚੇ ਭਾਈਚਾਰੇ ਕੋਲੋਂ ਵੋਟਾਂ ਦੇ ਰੂਪ ਵਿੱਚ ਸਹਿਯੋਗ ਦੀ ਲੋੜ ਹੈ। ਵਾਰਡ ਨੰਬਰ 4 ਵਿੱਚ ਗਰੀਨ ਏਰੀਆ,ਕਰੀਕਸ ਵਿੰਡਸਰ ਪਾਰਕ,ਸਿਨਬੋਈਆ ਸਾਮਿਲ ਹਨ। 8 ਸਤੰਬਰ 2024 ਵਾਲੇ ਦਿਨ ਐਤਵਾਰ ਸਾਮ ਦੇ 3 ਵਜੇ 212 ਵਿਕਟੋਰੀਆ ਐਵਨਿਊ ਈਸਟ ਰੀਜਾਇਨਾ ਵਿਖੇ ਸਮੁੱਚੇ ਭਾਈਚਾਰੇ ਨਾਲ ਵੀਚਾਰ ਵਟਾਂਦਰਾ ਕਰਨ ਲਈ ਇੱਕ ਮਿਲਣੀ ਦਾ ਪਰੋਗਰਾਮ ਰੱਖਿਆ ਗਿਆ ਹੈ। ਇਸ ਮਿਲਣੀ ਮੌਕੇ ਟੈੱਡ ਜੈਲਿਟਾ ਸਕੂਲ ਟਰੱਸਟੀ, ਲੌਰਾ ਰੌਸ ਮਨਿਸਟਰ ਆਫ ਸਪੋਰਟਸ ਐਂਡ ਕਲਚਰਲ,ਅਤੇ ਲੌਰੀ ਬ੍ਰੈਸਕਿਨੀ ਵੀ ਸਾਮਿਲ ਰਹਿਣਗੇ । ਸੋ ਉਸ ਦਿਨ ਸਮੁੱਚੇ ਰੀਜਾਇਨਾ ਵਾਸੀਆਂ ਅਤੇ ਵਾਰਡ ਨੰਬਰ 4 ਨਾਲ ਸਬੰਧਿਤ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਸ ਦਿਨ ਸਮੇਂ ਸਿਰ ਪਹੁੰਚਕੇ ਆਪਣੇ ਕੀਮਤੀ ਸੁਝਾਅ ਅਤੇ ਸਾਡਾ ਹੌਸਲਾ ਵਧਾਉਣ ਲਈ ਦਰਸਨ ਦੇਣ ਦੀ ਕ੍ਰਿਪਾਲਤਾ ਕਰਨੀ । ਹੋਰ ਜਾਣਕਾਰੀ ਲਈ ਤੁਸੀਂ ਬਲਵੀਰ ਸਿੰਘ ਭੱਠਲ ਦੇ ਫੋਨ ਨੰਬਰ 1 306 501 7892 ਉੱਪਰ ਸੰਪਰਕ ਕਰ ਸਕਦੇ ਹੋ।

## ਪੁਲਿਸ ਅਪਰੇਸ਼ਨ ਦੀ ਵੱਡੀ ਕਾਮਯਾਬੀ , ਫੜੇ ਗਏ 48 ਦੋਸ਼ੀਆਂ ਉੱਪਰ 400 ਤੋਂ ਵੱਧ ਚਾਰਜਿਜ਼ ਲਗਾਏ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰੋਂਟੋ ਪੁਲਿਸ ਨੇ ਵੱਡੀ ਗਿਣਤੀ ਚ ਹਥਿਆਰਾਂ ਸਮੇਤ 48 ਜਣਿਆਂ ਨੂੰ ਗਿਰਫਤਾਰ ਕੀਤਾ ਹੈ ਅਤੇ ਉਹਨਾਂ ਉੱਪਰ 400 ਤੋਂ ਜ਼ਿਆਦਾ ਚਾਰਜਿਜ਼ ਲਗਾਏ ਗਏ ਹਨ। ਪੁਲਿਸ ਵੱਲੋਂ ਇਹ ਕਾਰਵਾਈ ਟੋਰਾਂਟੋ ਤੇ ਆਸ ਪਾਸ ਦੇ ਖੇਤਰਾਂ ਵਿੱਚ ਵੱਧ ਰਹੇ ਗੰਨ ਕ੍ਰਾਈਮ ਨੂੰ ਰੋਕਣ ਵਜੋਂ ਕੀਤੀ ਗਈ ਹੈ। ਪੁਲਿਸ ਦੇ ਵੱਖ ਵੱਖ ਵਿਭਾਗਾਂ ਵੱਲੋਂ ਅਸਲ ਵਿਚ ਇੱਕ ਪ੍ਰੋਜੈਕਟ ਕਮਿਊਨਿਟੀ ਸ਼ੁਰੂ ਕੀਤਾ ਗਿਆ ਸੀ ਜਿਸ ਤਹਿਤ 18 ਜਣੇ ਗ੍ਰਿਫਤਾਰ ਕੀਤੇ ਗਏ ਸਨ ਅਤੇ ਉਨਾਂ ਉੱਪਰ 109 ਚਾਰਜਜ ਲਗਾਏ ਗਏ ਤੇ ਉਹਨਾਂ ਕੋਲੋਂ ਛੇ ਹਥਿਆਰ ਅਤੇ ਤਿੰਨ ਚੋਰੀ ਦੇ ਵਾਹਨ ਬਰਾਮਦ ਕੀਤੇ ਗਏ । ਪੁਲਿਸ ਨੂੰ ਮਿਲੀ ਇਸ ਕਾਮਯਾਬੀ ਤੋਂ ਬਾਅਦ ਸਕਾਰਬਰੋ ਦੀ ਪੁਲਿਸ ਡਿਵੀਜ਼ਨ ਵੱਲੋਂ ਪ੍ਰੋਜੈਕਟ ਸਪਰਿੰਗ ਬੋਰਡ ਸ਼ੁਰੂ ਕੀਤਾ ਗਿਆ ਇਸ ਪ੍ਰੋਜੈਕਟ ਤਹਿਤ 30 ਜਣੇ ਗ੍ਰਿਫਤਾਰ ਕੀਤੇ ਗਏ ਅਤੇ ਉਹਨਾਂ ਉੱਪਰ 297 ਚਾਰਜਜ ਲਗਾਏ ਗਏ ਤੇ 18 ਹਥਿਆਰ ਬਰਾਮਦ ਕੀਤੇ ਗਏ ਐਕਟਿੰਗ ਸੁਪਰਡੈਂਟ ਰਾਇਨ ਫੋਰਡ ਨੇ ਇਸ ਵੱਡੀ ਕਾਮਯਾਬੀ ਲਈ ਇਹਨਾਂ ਆਪਰੇਸ਼ਨਾਂ ਵਿੱਚ ਸ਼ਾਮਿਲ ਵੱਖ-ਵੱਖ ਵਿਭਾਗਾਂ ਦੀ ਪ੍ਰਸ਼ੰਸਾ ਕੀਤੀ ਹੈ । ਵਰਨਣ ਯੋਗ ਹੈ ਕਿ ਟਰਾਂਟੋ ਪੁਲਿਸ ਦੇ ਡਾਟਾ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ 45 ਫੀਸ ਦਾ ਵਾਧਾ ਹੋਇਆ ਹੈ ਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਹੋਣ ਵਾਲੀਆਂ ਮੌਤਾਂ ਵਿੱਚ 61 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਇਸ ਸਾਲ ਹੁਣ ਤੱਕ 29 ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਜਾ ਚੁੱਕੀ ਹੈ ਜੋ ਕਿ ਪਿਛਲੇ ਪੂਰੇ ਸਾਲ ਦੇ ਦੌਰਾਨ ਹੋਈਆਂ ਹਤਿਆਵਾਂ ਦੇ ਬਰਾਬਰ ਹੈ।



## ਪੁਲਾੜ ਵਿੱਚ ਗਈ ਸੁਨੀਤਾ ਵਿਲੀਅਮਸ ਦੇ 250 ਦਿਨਾਂ ਬਾਦ ਧਰਤੀ ਉੱਪਰ ਵਾਪਿਸ ਪਰਤਣ ਦੀ ਉਮੀਂਦ ਬੱਝੀ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਦੋ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੁਲਾੜ ਵਿੱਚ ਹੈ। ਹੁਣ ਉਸ ਦੀ ਵਾਪਸੀ ਫਰਵਰੀ 2025 ਵਿੱਚ ਹੋਵੇਗੀ। ਓਦੋਂ ਤੱਕ ਉਹ ਪੁਲਾੜ ਵਿੱਚ ਲਗਭਗ 250 ਦਿਨ ਬਿਤਾਏ ਹੋਣਗੇ। ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਕਾਰਨ ਉਨ੍ਹਾਂ ਦੇ ਸਰੀਰ, ਅੱਖਾਂ ਅਤੇ ਡੀਐਨਏ ਵਿੱਚ ਕਈ ਬਦਲਾਅ ਦੇਖਣ ਨੂੰ ਮਿਲਣਗੇ। ਇਸ ਤੋਂ ਪਹਿਲਾਂ ਕੀਤੇ ਗਏ ਅਧਿਐਨਾਂ ਨੇ ਸਾਬਤ ਕੀਤਾ ਹੈ ਕਿ ਲੰਬੇ ਸਮੇਂ ਤੱਕ ਸਪੇਸ ਵਿੱਚ ਰਹਿਣ ਨਾਲ ਸਰੀਰ 'ਤੇ ਮਾੜਾ ਪ੍ਰਭਾਵ ਪੈਂਦਾ ਹੈ।ਸੁਨੀਤਾ ਨੂੰ ਪੁਲਾੜ ਵਿੱਚ ਉੱਚ ਪੱਧਰੀ ਰੇਡੀਏਸ਼ਨ ਦਾ ਸਾਹਮਣਾ ਕਰਨਾ ਪਵੇਗਾ। ਭਵਿੱਖ ਵਿੱਚ ਕੈਂਸਰ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਖਤਰਾ ਵੱਧ ਸਕਦਾ ਹੈ। ਸਰੀਰ ਦੇ ਸੈੱਲਾਂ ਅਤੇ ਡੀਐਨਏ ਵਿੱਚ ਵੀ ਤਬਦੀਲੀਆਂ ਆ ਸਕਦੀਆਂ ਹਨ।


































# ਇਕਬਾਲ ਖਾਨ ਅਤੇ ਸੁਰਜੀਤ ਪਾਤਰ ਨੂੰ ਚੇਤੇ ਕਰਦਿਆਂ ਸ਼ਬਦ ਸਾਂਝ ਸੰਸਥਾ ਵੱਲੋਂ ਸੈਮੀਨਾਰ ਕਰਵਾਇਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)24 ਅਗਸਤ 2024 ਦਿਨ ਸ਼ਨੀਵਾਰ ਨੂੰ ਸ਼ਬਦ ਸਾਂਝ ਕੈਲਗਰੀ ਵੱਲੋਂ ਸੀਨੀਅਰ ਇੰਕਾ ਸੋਸਾਇਟੀ ਕੈਲਗਰੀ ਵਿਖੇ ਇੱਕ ਵਿਸ਼ੇਸ਼ ਸੈਮੀਨਾਰ ਅਤੇ ਸ਼ਰਧਾਂਜਲੀ ਸਮਾਰੋਹ ਦੋ ਨਾਮਵਰ ਕਵੀਆਂ ਸਵਰਗਵਾਸੀ ਇਕਬਾਲ ਖਾਨ ਅਤੇ ਪਦਮ ਸ੍ਰੀ ਸੁਰਜੀਤ ਪਾਤਰ ਬਾਰੇ ਕਰਵਾਇਆ ਗਿਆ। ਪਰੋਗਰਾਮ ਦੀ ਸੁਰੂਆਤ ਕਰਦਿਆਂ ਸਭਾ ਦੇ ਸਰਗਰਮ ਮੈਂਬਰ ਅਤੇ ਰੇਡੀ– ਰੈਡ ਐਫਐਮ ਦੇ ਹੋਸਟ ਸ੍ਰੀ ਰਿਸ਼ੀ ਨਾਗਰ ਨੇ ਸਮੂਹ ਸਾਹਿਤਕ ਪ੍ਰੇਮੀਆਂ ਨੂੰ ਜੀ ਆਇਆ ਕਹਿੰਦਿਆਂ ਸਭ ਦਾ ਧੰਨਵਾਦ ਕੀਤਾ । ਡਾਕਟਰ ਸਰਬਜੀਤ ਕੌਰ ਜਵੰਦਾ ਨੇ ਸਭਾ ਦੀ ਹੋਂਦ ਅਤੇ ਹੁਣ ਤੱਕ ਦੀਆਂ ਪੂਰੀਆਂ ਸਰਗਰਮੀਆਂ ਅਤੇ ਸਭਾ ਵੱਲੋਂ ਛਾਪੀਆਂ ਗਈਆਂ ਕਿਤਾਬਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ । ਮਾਸਟਰ ਬਚਿੱਤਰ ਸਿੰਘ ਗਿੱਲ ਨੇ ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ ਕਵੀਸ਼ਰੀ ਗਾ ਕੇ ਸਰੋਤਿਆਂ ਵੱਲੋਂ ਖੂਬ ਵਾਹਵਾ ਖੱਟੀ ਗਈ। ਡਾਕਟਰ ਲਖਬੀਰ ਸਿੰਘ ਰਿਆੜ ਨੇ ਸੁਰਜੀਤ ਪਾਤਰ ਬਾਰੇ ਅਤੇ ਉਹਨਾਂ ਦੀ ਨਿੱਜੀ ਜ਼ਿੰਦਗੀ ਅਤੇ ਰਚਨਾਵਾਂ ਬਾਰੇ ਵਿਸਥਾਰ ਪੂਰਵਕ ਪੇਪਰ ਪੜ੍ਹਦਿਆਂ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਸੁਰਜੀਤ ਪਾਤਰ ਦਾ ਜਨਮ 14 ਜਨਵਰੀ 1945 ਨੂੰ ਪਿੰਡ ਪੱਤੜ ਕਲਾ ਜ਼ਿਲਾ ਕਪੂਰਥਲਾ ਵਿਖੇ ਹੋਇਆ ਉਹਨਾਂ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਵਿੱਚੋਂ ਹੀ ਕੀਤੀ ਉਚੇਰੀ ਸਿੱਖਿਆ ਰਣਬੀਰ ਕਾਲਜ ਕਪੂਰਥਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ ਉਹ ਬਤੌਰ ਪੰਜਾਬੀ ਅਧਿਆਪਕ ਰਿਟਾਇਰ ਹੋਏ ਉਹਨਾਂ ਦੀ ਕਵਿਤਾ ਨੂੰ ਭਾਰਤੀ ਸਹਿਤ ਅਕਾਦਮੀ ਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਸਨਮਾਨ ਮਿਲੇ ਉਹਨਾਂ ਦੱਸਿਆ ਕਿ ਸੁਰਜੀਤ ਪਾਤਰ ਆਪਣੇ ਸਮਕਾਲ ਬਾਰੇ ਬੜਾ ਨਿੱਠ ਕੇ ਲਿਖਿਆ। ਛੋਟੇ ਬੱਚੇ ਮੋਹਕਮ ਸਿੰਘ ਚੌਹਾਨ ਨੇ ਸੁਰਜੀਤ ਪਾਤਰ ਦੀ ਗਜ਼ਲ ਤਰੰਨਮ ਨਾਲ ਪੇਸ਼ ਕੀਤੀ। ਡਾਕਟਰ ਹਰਭਜਨ ਸਿੰਘ ਢਿੱਲੋ ਨੇ ਇਕਬਾਲ ਖਾਨ ਬਾਰੇ ਬੋਲਦਿਆਂ ਆਪਣੀਆਂ ਨਿੱਜੀ ਯਾਦਾਂ ਦਾ ਜ਼ਿਕਰ ਕਰਦਿਆਂ ਮਾਹੌਲ ਭਾਵਕ ਬਣਾ ਦਿੱਤਾ ਉਹਨਾਂ ਦੱਸਿਆ ਕਿ ਇਕਬਾਲ ਖਾਨ ਸੂਖਮ ਅਤੇ ਚੁਲਬੁਲਾ ਇਨਸਾਨ ਸੀ। ਉਹ ਹਮੇਸ਼ਾ ਸਾਡੇ ਚੇਤਿਆਂ ਵਿੱਚ ਵਸਦਾ ਰਹੇਗਾ । ਸੁਖਮੰਦਰ ਸਿੰਘ ਤੂਰ ਨੇ ਪੰਜਾਬ ਬਾਰੇ ਆਪਣਾ ਗੀਤ ਪੇਸ਼ ਕਰਕੇ ਹਾਜਰੀ ਲਵਾਈ। ਡਾਕਟਰ ਸੁਰਜੀਤ ਸਿੰਘ ਬਰਾੜ ਨੇ ਇਕਬਾਲ ਖਾਨ ਦੀ ਨਿੱਜੀ ਜ਼ਿੰਦਗੀ ਅਤੇ ਰਚਨਾਵਾਂ ਬਾਰੇ ਵਿਸਥਾਰ ਪੂਰਵਕ ਪੇਪਰ ਪੜਿਆ। ਉਹਨਾਂ ਕਿਹਾ ਇਕਬਾਲ ਖਾਨ ਇੱਕ ਇਨਕਲਾਬੀ ਸ਼ਖਸ਼ੀਅਤ ਸੀ। ਉਹ ਪੰਜਾਬ ਜੁਝਾਰੂ ਲਹਿਰ ਦਾ ਸਿਰ ਕੱਢ ਕਾਰਕੁਨ ਸੀ। ਉਸ ਨੇ ਇਸ ਲਹਿਰ ਦੀ ਚੜਤ ਸਮੇਂ ਜੇਲ਼ਾ ਵੀ ਕੱਟੀਆਂ ਅਤੇ ਹਕੂਮਤ ਦਾ ਸ਼ਿਕਾਰ ਵੀ ਹੋਇਆ ਹਕੂਮਤੀ ਤਸ਼ੱਦਦ ਨਾਲ ਵੀ ਉਹ ਆਪਣੀ ਵਿਚਾਰਧਾਰਾ ਤੋਂ ਡੋਲਿਆ ਨਹੀਂ ਅਸਲੀ ਗੱਲ ਇਹ ਹੈ ਕਿ ਜਿਹੜਾ ਵਿਅਕਤੀ ਵਿਚਾਰਧਾਰਕ ਤੌਰ ਤੇ ਗਿਆਨਵਾਨ ਸੂਝਵਾਨ ਅਤੇ ਦ੍ਰਿਸ਼ਟੀਵਾਨ ਹੈ ਉਸ ਨੇ ਨਾ ਲੁਕਾਇਆ ਜਾ ਸਕਦਾ ਹੈ ਨਾ ਮਾਰਿਆ ਜਾ ਸਕਦਾ ਹੈ ।ਇਕਬਾਲ ਖਾਨ ਅਜਿਹੀ ਸ਼ਖਸ਼ੀਅਤ ਸੀ ਉਹ ਕਹਿਣੀ ਅਤੇ ਕਰਨੀ ਤੇ ਪੂਰਾ ਉਤਰਦਾ ਸੀ । ਬਚਨ ਸਿੰਘ ਗੁਰਮ ਨੇ ਸੁਰਜੀਤ ਪਾਤਰ ਦੀ ਕਵਿਤਾ ਸੁਣਾ ਕੇ ਖੂਬ ਰੰਗ ਬੰਨਿਆ। ਮਾਸਟਰ ਬਚਿੱਤਰ ਸਿੰਘ ਨੇ ਆਪਣੀ ਕਵਿਤਾ ਪੰਜਾਬ ਬਾਰੇ ਬੋਲ ਕੇ ਦੁਬਾਰਾ ਫਿਰ ਹਾਜ਼ਰੀ ਲਵਾਈ। ਅੰਤ ਵਿੱਚ ਸਭਾ ਦੀ ਪ੍ਰਧਾਨ ਡਾਕਟਰ ਬਲਵਿੰਦਰ ਕੌਰ ਬਰਾੜ ਨੇ ਦੋਨਾਂ ਕਵੀਆਂ ਬਾਰੇ ਆਪਣੇ ਨਾਲ ਹੋਈਆਂ ਨਿੱਜੀ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਸਮੁੱਚੇ ਸਾਹਿਤਿਕ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਇੰਕਾ ਸੀਨੀਅਰ ਸੋਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਕੈਲਗਰੀ ਦੇ ਵੱਡੇ ਗਿਣਤੀ ਵਿੱਚ ਸਾਹਿਤਕ ਪ੍ਰੇਮੀ ਹਾਜ਼ਰ ਹੋਏ। ਸਟੇਜ ਦੀ ਕਾਰਵਾਈ ਡਾਕਟਰ ਮੁਖਤਿਆਰ ਸਿੰਘ ਬੱਡੂਵਾਲੀਏ ਨੇ ਖੂਬ ਨਿਭਾਈ ਅਤੇ ਇੰਕਾ ਸੀਨੀਅਰ ਸੋਸਾਇਟੀ ਵੱਲੋਂ ਮੰਚ ਮੁਹੱਈਆ ਕਰਾਉਣ ਲਈ ਉਹਨਾਂ ਦਾ ਧੰਨਵਾਦ ਕੀਤਾ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਨੇ ਸੈਲਵਨ ਲੇਕ ਜਾ ਕੇ ਪਿਕਨਿਕ ਮਨਾਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਦੇ ਪ੍ਰਧਾਨ ਸੈਮ ਸਹੋਤਾ ਦੀ ਅਗਵਾਈ ਹੇਠ ਦੋ ਬੱਸਾਂ ਭਰ ਕੇ ਸੈਲਵਨ ਲੇਕ ਲਈ ਰਵਾਨਾ ਹੋਈਆਂ । ਇੱਕ ਬੱਸ ਵਿੱਚ ਔਰਤਾਂ ਅਤੇ ਦੂਜੀ ਬੱਸ ਵਿੱਚ ਮਰਦ ਸਵਾਰ ਸਨ। ਲੇਕ ਤੇ ਪਹੁੰਚ ਕੇ ਸਭ ਤੋਂ ਪਹਿਲਾਂ ਜਿਨਾਂ ਮੈਂਬਰਾਂ ਦੇ ਜਨਮਦਿਨ ਸਨ ਉਹਨਾਂ ਦੇ ਜਨਮਦਿਨ ਦਾ ਕੇਕ ਕੱਟਣ ਦੀ ਰਸਮ ਕੀਤੀ ਗਈ। ਖਾਣਾ ਖਾਣ ਉਪਰੰਤ ਲੇਕ ਦਾ ਦ੍ਰਿਸ਼ ਵੇਖਣ ਲਈ ਸਾਰੇ ਮੈਂਬਰ ਇੱਧਰ ਉੱਧਰ ਨਿੱਕੇ ਨਿੱਕੇ ਗਰੁੱਪ ਬਣਾ ਕੇ ਘੁੰਮਣ ਚਲੇ ਗਏ ਅਤੇ ਇੱਕ ਦੂਸਰੇ ਦੀਆਂ ਯਾਦਗਾਰੀ ਫੋਟੋਆਂ ਖਿੱਚਣ ਵਿੱਚ ਮਗਨ ਰਹੇ। ਇਸ ਗਰੁੱਪ ਵਿੱਚ ਜਾਣ ਵਾਲੇ ਮਰਦ ਅਤੇ ਔਰਤਾਂ ਭਾਵੇਂ ਆਪਣੀ ਉਮਰ ਦੇ ਅਖੀਰਲੇ ਪੜਾਅ ਵਿੱਚ ਹਨ ਪਰ ਫਿਰ ਵੀ ਜਿਸ ਤਰ੍ਹਾਂ ਇਸ ਟੂਰ ਦੌਰਾਨ ਕੰਮ ਕਰਨੇ ਪੈਂਦੇ ਹਨ,ਜਿਵੇਂ ਖਾਣਾ ਵਰਤਾਉਣਾ, ਟੇਬਲ ਚੁੱਕਣੇ, ਕੁਰਸੀਆਂ ਲਾਉਣੀਆਂ, ਪਰ ਕਦੇ ਕਿਸੇ ਦੇ ਮੂੰਹੋਂ ਨਾ ਵਰਗਾ ਸ਼ਬਦ ਨਹੀਂ ਨਿਕਲਿਆ ।ਸੰਸਥਾ ਦੇ ਮੈਂਬਰ ਮਹਿੰਦਰ ਸਿੰਘ ਮੁੰਡੀ, ਜਸਵੰਤ ਸਿੰਘ ਸਿੱਧੂ, ਜਗਜੀਤ ਸਿੰਘ ਸੋਹੀ, ਰਵਿੰਦਰ ਚਾਹਲ, ਜਸਵੰਤ ਸਿੰਘ ਹੀਰ, ਕੁਲਦੀਪ ਗਿੱਲ, ਗੁਰਮੇਲ ਸਿੰਘ ਸੰਧੂ, ਜਰਨੈਲ ਤੱਗੜ, ਦਲਵੀਰ ਕੌਰ ਕੰਗ ਸਭ ਨੇ ਬਾਖੂਬ ਡਿਊਟੀ ਨਿਭਾਈ। ਔਰਤਾਂ ਵਾਲੀ ਬੱਸ ਵਿੱਚ ਵਾਪਸੀ ਸਮੇਂ ਖੂਬ ਰੌਣਕਾਂ ਲੱਗੀਆਂ ਹੋਈਆਂ ਸਨ । ਧਾਰਮਿਕ ਸ਼ਬਦਾਂ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਗੀਤਾਂ ਅਤੇ ਗਿੱਧੇ ਦੀ ਧਮਾਲ ਬੱਸ ਦੇ ਵਿੱਚ ਹੀ ਪੈਣ ਲੱਗੀ । ਹਰਜੀਤ ਕੌਰ ਜੌਹਲ ਨੇ ਬਹੁਤ ਰੰਗ ਬੰਨਿਆ। ਕੈਲਗਰੀ ਪੁੱਜਣ ਉਪਰੰਤ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਾਰੇ ਮੈਂਬਰ ਇੱਕ ਦੂਜੇ ਤੋਂ ਵਿਦਾਇਗੀ ਲੈਂਦੇ ਹੋਏ ਆਪੋ ਆਪਣੇ ਘਰਾਂ ਨੂੰ ਚਲੇ ਗਏ।




# ਚੀਨ ਵਿੱਚ ਬਣਦੀਆਂ ਬਿਜਲਈ ਕਾਰਾਂ ਉੱਪਰ 100 ਫਸਿਦੀ ਡਿਊਟੀ ਲਗਾਈ ਜਾਵੇਗੀ -ਟਰੂਡੋ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਸਰਕਾਰ ਨੇ ਚੀਨ ਵਿੱਚ ਬਣਦੇ ਇਲੈਕਟ੍ਰਿਕ ਵਾਹਨਾਂ (ਈਵੀ) ਦੇ ਆਯਾਤ 'ਤੇ 100 ਫੀਸਦੀ ਡਿਊਟੀ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਅਮਰੀਕਾ ਵੱਲੋਂ ਲਗਾਈ ਗਈ ਡਿਊਟੀ ਦੇ ਸਮਾਨ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਚੀਨ ਤੋਂ ਸਟੀਲ ਅਤੇ ਐਲੂਮੀਨੀਅਮ ਦੀ ਦਰਾਮਦ 'ਤੇ 25 ਫੀਸਦੀ ਡਿਊਟੀ ਲਗਾਈ ਜਾਵੇਗੀ। ਕੈਨੇਡਾ ਨੇ ਇਹ ਕਦਮ ਅਮਰੀਕਾ ਅਤੇ ਯੂਰਪੀ ਯੂਨੀਅਨ ਦੁਆਰਾ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਉੱਚ ਦਰਾਮਦ ਡਿਊਟੀ ਲਗਾਉਣ ਦੀ ਯੋਜਨਾ ਦਾ ਐਲਾਨ ਕਰਨ ਤੋਂ ਕੁੱਝ ਹਫਤੇ ਬਾਅਦ ਚੁੱਕਿਆ ਹੈ। ਵਰਨਣਯੋਗ ਹੈ ਕਿ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਨੋਵਾ ਸਕੋਸ਼ੀਆ ਦੇ ਹੈਲੀਫੈਕਸ ਵਿੱਚ ਟਰੂਡੋ ਅਤੇ ਕੈਬਨਿਟ ਮੰਤਰੀਆਂ ਨਾਲ ਮੀਟਿੰਗ ਦੌਰਾਨ ਕੈਨੇਡਾ ਨੂੰ ਅਜਿਹਾ ਕਦਮ ਚੁੱਕਣ ਲਈ ਉਤਸ਼ਾਹਿਤ ਕੀਤਾ ਸੀ। ਟਰੂਡੋ ਨੇ ਕਿਹਾ ਕਿ ਸਰਕਾਰ ਕੈਨੇਡੀਅਨ ਵਰਕਰਾਂ ਲਈ ਬਰਾਬਰ ਦੇ ਮੌਕੇ ਦੇਣ ਅਤੇ ਕੈਨੇਡਾ ਦੇ ਇਲੈਕਟ੍ਰੋਨਿਕ ਵਾਹਨਾਂ ਦੇ ਉਦਯੋਗ ਨੂੰ ਆਪਣੇ ਮੁਲਕ, ਉੱਤਰੀ ਅਮਰੀਕਾ ਅਤੇ ਦੁਨੀਆ ਭਰ ਵਿਚ ਮੁਕਾਬਲੇ ਯੋਗ ਬਣਾਉਣ ਲਈ ਇਹ ਕਦਮ ਚੁੱਕ ਰਹੀ ਹੈ। ਨਵੇਂ ਟੈਰਿਫ਼ ਇਲੈਕਟ੍ਰਿਕ ਅਤੇ ਕੁੱਝ ਹਾਈਬ੍ਰਿਡ ਕਾਰਾਂ, ਟਰੱਕਾਂ, ਬੱਸਾਂ ਅਤੇ ਡਿਲੀਵਰੀ ਵੈਨਾਂ 'ਤੇ ਲਾਗੂ ਹੋਣਗੇ।

## ਭੂਚਾਲ ਅਤੇ ਤੂਫਾਨ ਦੇ ਡਰੋਂ ਜਪਾਨੀਆਂ ਨੇ ਚੌਲਾਂ ਦੀ ਕਮੀ ਪੈਦਾ ਕਰ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਾਪਾਨ ਵਿੱਚ ਚੌਲਾਂ ਦੀ ਭਾਰੀ ਕਮੀ ਹੈ। ਪਿਛਲੇ ਕੁਝ ਹਫ਼ਤਿਆਂ ਤੋਂ ਜਾਪਾਨ ਦੀਆਂ ਬਹੁਤ ਸਾਰੀਆਂ ਸੁਪਰਮਾਰਕੀਟਾਂ ਵਿੱਚ ਚਾਵਲ ਖਤਮ ਹੋ ਗਏ ਹਨ। ਜੂਨ 1999 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਜਾਪਾਨ ਵਿੱਚ ਚੌਲਾਂ ਦੀ ਕਮੀ ਹੈ। ਦ ਜਾਪਾਨ ਟਾਈਮਜ਼ ਅਨੁਸਾਰ, ਸੁਪਰ ਮਾਰਕੀਟਾਂ ਵਿੱਚ ਜਿੱਥੇ ਚੌਲ ਉਪਲਬਧ ਹਨ, ਲੋਕਾਂ ਨੂੰ ਘੱਟ ਮਾਤਰਾ ਵਿੱਚ ਚੌਲ ਖਰੀਦਣ ਦੀ ਅਪੀਲ ਕੀਤੀ ਜਾ ਰਹੀ ਹੈ। ਦਰਅਸਲ, ਜਾਪਾਨ ਦੀ ਸਰਕਾਰ ਨੇ ਭੂਚਾਲ ਅਤੇ ਤੂਫਾਨ ਦੇ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਸੀ ਜਿਸ ਅਨੁਸਾਰ ਇਸ ਸਾਲ 19 ਤੋਂ 21 ਤੂਫਾਨ ਆਉਣ ਦੀ ਸੰਭਾਵਨਾ ਹੈ॥



## ਡੀਮੈਂਸ਼ੀਆ ਰੋਗ ਅਤੇ ਸਮਾਜਿਕ ਜ਼ਿੰਮੇਵਾਰੀਆਂ ਉੱਪਰ ਭਰਪੂਰ ਚਰਚਾ ਹੋਈ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਗਸਤ ਮਹੀਨੇ ਦੀ ਇਕੱਤਰਤਾ ਮੌਕੇ ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਤੋਂ ਮਾਹਿਰ ਮਿਸ ਹਬੀਬਾ ਨੇ 'ਵਧਦੀ ਉਮਰ ਨਾਲ ਭੁੱਲ ਜਾਣ ਦੀ ਅਲਾਮਤ 'ਡੀਮੈਂਸ਼ੀਆਂ' ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਬਹੁਤ ਸਾਰੀਆਂ ਬਿਮਾਰੀਆਂ ਦਾ ਲੱਛਣ ਹੈ ਜੋ ਕਿ ਸਟਰੈੱਸ, ਥਾਇਰਾਇਡ, ਵਿਟਾਮਨਾਂ ਦੀ ਘਾਟ ਜਾਂ ਸਿਹਤ ਵਿੱਚ ਕਿਸੇ ਕਾਰਨਵੱਸ ਅਚਾਨਕ ਆਏ ਵਿਗਾੜ ਕਾਰਨ ਹੋ ਜਾਂਦਾ ਹੈ। ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਆਪਾਂ ਅਕਸਰ ਛੋਟੀਆਂ ਮੋਟੀਆਂ ਗੱਲਾਂ ਭੁੱਲ ਜਾਂਦੇ ਹਾਂ ਜੋ ਕਿ ਵੱਧਦੀ ਉਮਰ ਨਾਲ ਕੁੱਝ ਵੱਧਦਾ ਜਾਂਦਾ ਹੈ। ਇਹ ਕੋਈ ਵੱਡੀ ਗੱਲ ਨਹੀਂ ਪਰ ਜਦੋਂ ਕਿਸੇ ਨੂੰ ਅਚਾਨਕ ਬਾਹਰ ਗਏ ਨੂੰ ਆਪਣੇ ਘਰ ਦਾ ਰਸਤਾ ਭੁੱਲ ਜਾਵੇ, ਉਹ ਆਪਣੀ ਹੀ ਗਲੀ ਵਿੱਚ ਗੁਆਚ ਜਾਵੇ ਜਿੱਥੇ ਉਹ ਕਈ ਸਾਲਾਂ ਤੋਂ ਰਹਿ ਰਿਹਾ ਹੈ ਜਾਂ ਅਚਾਨਕ ਆਪਣੇ ਧੀ ਪੁੱਤਰ ਜਾਂ ਉਨ੍ਹਾਂ ਦੇ ਬੱਚਿਆਂ ਦੇ ਰੋਜ਼ ਬੋਲੇ ਜਾਣ ਵਾਲੇ ਨਾਂ ਭੁੱਲਣ ਲਗ ਜਾਵੇ ਤਾਂ ਇਹ ਡਾਕਟਰ ਕੋਲ ਜਾ ਕੇ ਸਲਾਹ ਲੈਣ ਦੀ ਘੰਟੀ ਹੈ।ਗੁਰਜੀਤ ਬਵੇਜਾ ਅਤੇ ਸਾਅਦਤ ਮੁਨੀਰ ਰੁਬੀਨਾ ਹੁਰਾਂ ਵੱਲੋਂ ਸਨੈਕਸ ਅਤੇ ਆਸ਼ਾ ਪਾਲ ਵੱਲੋਂ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਵਿੱਚ ਲਿਆਂਦੇ ਲੱਡੂਆਂ ਦਾ ਸਭ ਨੇ ਭਰਪੂਰ ਆਨੰਦ ਮਾਣਿਆ ਅਤੇ ਵਧਾਈਆਂ ਸਾਂਝੀਆਂ ਕੀਤੀਆਂ।ਗੁਰਦੀਸ਼ ਗਰੇਵਾਲ ਨੇ ਕਿਹਾ ਕਿ ਕੈਲਗਰੀ ਦਾ ਨਾਰਥ ਈਸਟ ਇਲਾਕਾ ਸਫ਼ਾਈ, ਡਸਿਸਪਲਨ, ਕਾਨੂੰਨ ਆਦਿ ਪੱਖੋਂ ਬਦਨਾਮ ਆਖਿਆ ਜਾਂਦਾ ਹੈ। ਆਪਣੇ ਲੋਕਾਂ ਦੀ ਬਹੁ-ਗਿਣਤੀ ਇਸ ਹਿੱਸੇ ਵਿੱਚ ਵੱਸਦੀ ਹੈ ਸੋ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।ਰੱਖੜੀ ਦੇ ਸਬੰਧ ਵਿੱਚ ਆਪਣਾ ਗੀਤ 'ਵੀਰਾ ਅੱਜ ਦੇ ਸ਼ੁਭ ਦਿਹਾੜੇ ਦਿਲ ਤੋਂ ਦਿਆਂ ਦੁਆਵਾਂ' ਸਾਂਝਾ ਕੀਤਾ। ਰਜਿੰਦਰ ਚੋਹਕਾ ਜੀ ਨੇ ਕਿਹਾ ਕਿ ਕਿਸੇ ਵੀ ਸਮਾਜਿਕ ਊਣਤਾਈ ਸਬੰਧੀ ਅਵਾਜ਼ ਉਠਾਉਣ ਲਈ ਪਹਿਲ ਕਦਮੀ ਕਰਨ ਦੀ ਲੋੜ ਹੈ। ਗੁਰਜੀਤ ਬੈਦਵਾਨ ਨੇ ਵੰਡ ਦੇ ਦੁਖਾਂਤ ਨੂੰ ਸੰਬੋਧਤ ਕਵਿਤਾ 'ਸਾਡੇ ਰੂਪ ਰੰਗ ਇਕੋ ਲਹੂ ਦੇ ਰੰਗ ਇਕੋ, ਮਰੇ ਥੋਡਾ ਮਰੇ ਸਾਡਾ, ਸਾਡਾ ਦੁੱਖ ਸਾਂਝਾ' ਸੁਣਾਈ। ਸੁਰਿੰਦਰ ਪਾਲ ਨੇ 'ਪੰਦਰਾਂ ਅਗਸਤ ਆ ਗਿਆ ਨਵਾਂ ਸੁਨੇਹਾ ਲੈ ਕੇ, ਦੇਸ਼ ਅਜ਼ਾਦੀ ਅਸਾਂ ਬਚਾਉਣੀ ਆਪਣਾ ਖੂਨ ਬਹਾ ਕੇ' ਗੀਤ ਪੇਸ਼ ਕੀਤਾ। ਮਿਸਜ਼ ਬਾਠ ਨੇ 1962 ਦੀ ਚੀਨ ਦੀ ਜੰਗ ਸਮੇਂ ਲਤਾ ਮੰਗੇਸ਼ਕਰ ਵੱਲੋਂ ਗਾਇਆ ਗੀਤ 'ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਣੀ, ਗਾਉਣਾ ਸ਼ੁਰੂ ਕੀਤਾ ਤਾਂ ਇਹ ਸਹਿਗਾਨ ਬਣ ਕਮਰੇ ਵਿੱਚ ਗੂੰਜ ਉਠਿਆ। ਹਰਬੰਸ ਪੇਲੀਆ, ਜਤਿੰਦਰ ਪੇਲੀਆ ਤੇ ਦਵਿੰਦਰ ਕੌਰ ਹੁਰਾਂ ਰਲ ਕੇ ਲੋਕ ਗੀਤ ਗਾਇਆ। ਸੁਰਿੰਦਰ ਸੰਧੂ ਨੇ ਤੀਆਂ ਦਾ ਗੀਤ ਤੇ ਸਤਵਿੰਦਰ ਫਰਵਾਹ ਨੇ ਲੋਕ ਗੀਤ ਸਾਂਝਾ ਕੀਤਾ।

# ਅਲਬਰਟਾ ਅਤੇ ਬੀ.ਸੀ. ਵਿਧਾਨ ਸਭਾ ਵਿੱਚ ਹੋਇਆ ਖੇਤੀ ਮੰਤਰੀ ਖੁੱਡੀਆਂ ਦਾ ਸਨਮਾਨ, ਸਪੀਕਰ ਨੇ ਦਿੱਤੀ ਦਾਅਵਤ

ਵਿਕਟੋਰੀਆ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦਾ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਸੂਬੇ ਦੀ ਵਿਧਾਨ ਸਭਾ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੂਬੇ ਦੀ ਰਾਜਧਾਨੀ ਵਿਕਟੋਰੀਆ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਬੀ.ਸੀ. ਦੇ ਮਨਿਸਟਰ ਆਫ਼ ਸਟੇਟ ਫਾਰ ਟਰੇਡ ਅਤੇ ਸਰੀ-ਫਲੀਟਵੁੱਡ ਹਲਕੇ ਦੇ ਵਿਧਾਇਕ ਜਗਰੂਪ ਬਰਾੜ ਉਨ੍ਹਾਂ ਨੂੰ 'ਜੀ ਆਇਆਂ ਨੂੰ' ਕਹਿਣ ਲਈ ਵਿਸ਼ੇਸ਼ ਤੌਰ ਤੇ ਪਹੁੰਚੇ। ਬੀ.ਸੀ. ਸਰਕਾਰ ਵੱਲੋਂ ਮਨਿਸਟਰ ਆਫ ਸਟੇਟ ਜਗਰੂਪ ਬਰਾੜ ਨੇ ਕੈਬਨਿਟ ਮੰਤਰੀ ਖੁੱਡੀਆਂ ਨੂੰ ਵਿਸ਼ੇਸ਼ ਸਨਮਾਨ ਭੇਂਟ ਕੀਤਾ। ਵਿਧਾਇਕ ਵਜੋਂ ਸਰੀ ਤੋਂ ਲਗਾਤਾਰ ਜਿੱਤ ਦਰਜ ਕਰਵਾਉਂਦੇ ਆ ਰਹੇ ਮਨਿਸਟਰ ਆਫ ਸਟੇਟ ਜਗਰੂਪ ਬਰਾੜ ਨੇ ਸ. ਖੁੱਡੀਆਂ ਅਤੇ ਉਨ੍ਹਾਂ ਦੇ ਨਾਲ ਪਹੁੰਚੇ ਅਮੀਤ ਸਿੰਘ ਟਿੰਮਾਂ ਖੁੱਡੀਆਂ, ਸਰੀ ਦੇ ਉੱਘੇ ਬਿਜ਼ਨਸਮੈਨ ਹਰਮੀਤ ਸਿੰਘ ਖੁੱਡੀਆਂ, ਬਲਜਿੰਦਰ ਸਿੰਘ ਸੰਘਾ, ਮਨਜੀਤ ਸਿੰਘ ਮਾਂਗਟ, ਰੇਡੀਓ ਹੋਸਟ ਗੁਰਬਾਜ ਸਿੰਘ ਬਰਾੜ ਅਤੇ ਸਿਕੰਦਰ ਸਿੰਘ ਕੰਗ ਨੂੰ ਵਿਧਾਨ ਸਭਾ ਦਾ ਟੂਰ ਕਰਵਾਇਆ ਅਤੇ ਸਰਕਾਰ ਦੇ ਕੰਮ-ਕਾਜ ਚਲਾਉਣ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕੈਬਨਿਟ ਮੰਤਰੀ ਨੂੰ ਪੰਜਾਬ



ਅਤੇ ਬ੍ਰਿਟਿਸ਼ ਕੋਲੰਬੀਆ ਦੋਹਾਂ ਸੂਬਿਆਂ ਦਰਮਿਆਨ ਆਪਸੀ ਵਪਾਰ ਅਤੇ ਸਹਿਯੋਗ ਹੋਰ ਵਧਾਉਣ ਦੀ ਵੀ ਇੱਛਾ ਜ਼ਾਹਰ ਕੀਤੀ। ਮਨਿਸਟਰ ਆਫ਼ ਸਟੇਟ ਜਗਰੂਪ ਬਰਾੜ ਨੇ ਖੇਤੀ ਮੰਤਰੀ ਖੁੱਡੀਆਂ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਰਾਜਧਾਨੀ ਵਿਕਟੋਰੀਆ ਦੀਆਂ ਰਮਣੀਕ ਥਾਵਾਂ ਦੀ ਸੈਰ ਵੀ ਕਰਵਾਈ। ਬੀ.ਸੀ. ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਵੱਲੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ ਗਈ



ਕੈਨੇਡਾ ਦੀ ਅਲਬਰਟਾ ਅਸੰਬਲੀ ਵਿਖੇ ਪੰਜਾਬ ਤੋਂ ਆਏ ਮੌਜੂਦਾ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੂੰ ਜੀ ਆਇਆਂ ਨੂੰ ਆਖਿਆ ਗਿਆ। ਇਸ ਮੌਕੇ ਕੈਲਗਰੀ ਤੋਂ ਐਮ ਐਲ ਏ ਸ: ਪਰਮੀਤ ਸਿੰਘ ਬੋਪਾਰਾਇ,ਐਡਮਿੰਟਨ ਤੋਂ ਐਮ ਐਲ ਏ ਜਸਵੀਰ ਸਿੰਘ ਦਿਉਲ, ਬਲਜਿੰਦਰ ਸੰਘਾ ਸਰੀ, ਤੇਜਿੰਦਰ ਬਰਾੜ ਫੱਤਣਵਾਲਾ, ਨਿੱਪੀ ਧਾਲੀਵਾਲ, ਕੁਲਦੀਪ ਸਿੰਘ ਬਰਾੜ ਸਾਹੋਕੇ,ਜੱਗਾ ਰਾਊਕੇ ਅਤੇ ਐਡਮਿੰਟਨ ਦੀਆਂ ਨਾਮਵਰ ਸ਼ਖਸੀਅਤਾਂ ਹਾਜਿਰ ਸਨ।

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Pii Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu REGIONAL MANAGER
Lovepreet Sidhu REGIONAL MANAGER

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
E Mail: Info@twcoverings.com
Web: www.twcoverings.com
Timelesswindowcoverings
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਨਵੇਂ ਗਾਇਕਾਂ ਦੇ ਨਾਲ ਨਾਲ ਪੁਰਾਣੇ ਗਾਇਕਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ- ਸ਼ਾਇਰ ਮਨੱਵਰ ਅਹਿਮਦ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ ਮੌਕੇ ਸੁਰਿੰਦਰ ਗੀਤ ਨੇ ਦੱਸਿਆ ਕਿ ਕਾਰਜ਼ਕਰਨੀ ਕਮੇਟੀ ਵਿੱਚ ਚਾਰ ਨਵੇਂ ਮੈਂਬਰ ਡਾ: ਸਤਿੰਦਰ ਕੌਰ ਸੋਹੀ, ਗੁਰਪ੍ਰੀਤ ਕੌਰ, ਸ,ਸੁਰਜੀਤ ਸਿੰਘ ਹੇਅਰ ਅਤੇ ਸੁਖਮੰਦਰ ਸਿੰਘ ਗਿੱਲ ਸ਼ਾਮਿਲ ਕੀਤੇ ਗਏ। ਇਸ ਮੌਕੇ ਬੋਲਦਿਆਂ ਪਾਕਿਸਤਾਨ ਪੰਜਾਬ ਦੇ ਗਾਇਕ ਅਤੇ ਸ਼ਾਇਰ ਮਨੱਵਰ ਅਹਿਮਦ ਨੇ ਕਿਹਾ ਕਿ ਸਾਨੂੰ ਨਵੇਂ ਗਾਇਕਾਂ ਦੇ ਨਾਲ ਨਾਲ ਪੁਰਾਣੇ ਗਾਇਕਾਂ ਨੂੰ ਵੀ ਯਾਦ ਰੱਖਣਾ ਚਾਹੀਂਦਾ ਹੈ। ਉਹਨਾਂ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸਦੇ ਗਏ ਲੋਕ ਗੀਤ ਕਦੇ ਭੁਲਾਏ ਨਹੀਂ ਜਾ ਸਕਦੇ। ਉਹਨਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ 'ਡਾਚੀ ਵਾਲਿਆ ਮੋੜ ਮੁਹਾਰ ਵੇ' ਦਾ ਗਾਇਨ ਕੀਤਾ। ਸੁਖਮੰਦਰ ਸਿੰਘ ਗਿੱਲ ਨੇ 'ਜਾਣ ਵਾਲਿਆਂ ਨੇ ਭਲਾ, ਕਿੱਥੋਂ ਮੁੜ ਆਉਣਾ ਸੀ, ਤੇਜਾ ਸਿੰਘ ਪ੍ਰੇਮੀ ਨੇ ਇਕ ਹਾਸ-ਰਾਸ ਕਵਿਤਾ,ਮਨਮੋਹਣ ਸਿੰਘ ਬਾਠ ਹੋਰਾਂ ਨੇ ਜੇ ਮੈਂ ਸੁਣਾਂ ਰਾਤ ਖਾਮੋਸ਼ ਨੂੰ, ਸਰਦੂਲ ਸਿੰਘ ਨੇ ਮੇਰਾ ਪਿੰਡ, ਰਾਹੀਂ ਹਾਜਿਰੀ ਲਗਵਾਈ। ਡਾ: ਸਤਿੰਦਰ ਕੌਰ ਸੋਹੀ ਨੇ ਪੰਜਾਬੀ ਸੱਭਿਆਚਾਰ ਦਾ ਹਿਸਾ, ਤੀਆਂ ਦੇ ਤਿਓਹਰ ਦੀ ਗੱਲ ਕਰਦਿਆਂ ਦੱਸਿਆ ਕਿ ਕੈਲਗਰੀ ਵਿੱਚ ਜਿਸ ਤਰੀਕੇ ਨਾਲ ਤੀਆਂ ਮਨਾਈਆਂ ਜਾਂਦੀਆਂ ਹਨ ,ਉਸਦੀ ਪ੍ਰਸ਼ੰਸ਼ਾ ਕਰਨੀ ਬਣਦੀ ਹੈ। ਸੁਰਿੰਦਰ ਗੀਤ ਨੇ ਆਪਣੀਆਂ ਦੋ ਰਚਨਾਵਾਂ ਸੁਣਾਈਆਂ ਅਤੇ ਖ਼ੁਸ਼ੀ ਜਾਹਿਰ ਕਰਦਿਆਂ ਦੱਸਿਆ ਕਿ ਉਹਨਾਂ ਦਾ ਕਾਵਿ- ਸੰਗ੍ਰਹਿ 'ਸ਼ਬਦ ਸੁਨੱਖੇ' ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ ਬੀਕਾਨੇਰ, ਰਾਜਸਥਾਨ ਵਿਚ ਐਮ ਏ ਪੰਜਾਬੀ ਦੇ ਸਿਲੇਬਸ ਵਿੱਚ ਦਰਜ਼ ਕਰ ਲਿਆ ਗਿਆ ਹੈ। ਇਹ ਪੁਸਤਕ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਵਿੱਚ ਪੜ੍ਹਾਈ ਜਾਵੇਗੀ। ਇਸ ਤੋਂ ਪਹਿਲਾਂ ਇਹ ਪੁਸਤਕ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਵਿਚ ਸਾਲ 2020 ਤੋਂ ਪੜ੍ਹਾਈ ਜਾ ਰਹੀ ਹੈ। ਸਭਾ ਵਿੱਚ ਗੁਰਬਖ਼ਸ਼ ਸਿੰਘ ਗਿੱਲ, ਮਨਜੀਤ ਕੌਰ ਖਹਿਰਾ, ਅਵਤਾਰ ਕੌਰ ਤੱਗੜ ਤੇ ਬਲਜਿੰਦਰ ਕੌਰ, ਜਰਨੈਲ ਤੱਗੜ,ਤਰਲੋਚਨ ਸੈਂਬੀ, ਮਨਜੀਤ ਬਰਾੜ,ਸੁਖਦੇਵ ਸਿੰਘ ਬੈਂਸ ਤੇ ਹੋਰ ਸਾਹਿਤ ਪ੍ਰੇਮੀ ਵੀ ਸ਼ਾਮਿਲ ਹੋਏ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਟੇਜ ਦੀ ਕਾਰਵਾਈ ਨੂੰ ਰੌਚਿਕ ਬਣਾਈ ਰੱਖਿਆ। 'ਪਾਣੀ' ਕਵਿਤਾ ਨੇ ਸਭ ਨੂੰ ਬਹੁਤ ਭਾਵਿਕ ਕੀਤਾ। ਪੰਜਾਬੀ ਸਾਹਿਤ ਸਭਾ ਦੀ ਅਗਲੀ ਮੀਟਿੰਗ 22 ਸਤੰਬਰ ਨੂੰ ਹੋਵੇਗੀ

# ਕੈਲਗਰੀ ਦੀਆਂ ਬੀਬੀਆਂ ਨੇ ਪਹਾੜਾਂ ਵਿੱਚ ਜਾਕੇ ਤੀਆਂ ਮਨਾਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਦਾ ਤੀਸਰਾ ਸਲਾਨਾ ਬੱਸ ਟੂਰ ਸੈਲਵਨ ਲੇਕ ਅਤੇ ਬੈਫ ਤੋਂ ਬਾਦ ਇਸ ਵਾਰ ਕੁਐਰੀ ਲੇਕ ਕੈਨਮੋਰ ਦਾ ਆਯੋਜਿਤ ਕੀਤਾ ਗਿਆ। ਵੀਵੋ ਦੀ ਪਾਰਕਿੰਗ ਵਿੱਚ ਦੋ ਬੱਸਾਂ 14 ਅਗੱਸਤ ਬੁੱਧਵਾਰ ਸਵੇਰੇ 9 ਵਜੇ ਪਹੁੰਚ ਗਈਆ। ਦੋਵਾ ਬੱਸਾਂ ਦੇ ਇੰਚਾਰਜ ਮੈਬਰਾਂ ਨੂੰ ਸੂਚੀ ਅਨੁਸਾਰ ਅੰਦਰ ਭੇਜ ਰਹੇ ਸਨ ਤੇ ਸਾਰੇ ਲਿਸਟਡ ਮੈਂਬਰ 9:15 ਤੱਕ ਪਹੁੰਚ ਗਏ। ਮੁੱਢਲੇ ਸਮਾਨ ਦੀ ਰੱਖ-ਰਖਾਅ ਤੋ ਬਾਦ 105 ਮੈਂਬਰਾਂ ਦਾ ਕਾਫ਼ਲਾ ਆਪਣੀ ਮੰਜ਼ਲ ਵੱਲ 9:30 ਵਜੇ ਚਾਲੇ ਪਾ ਗਿਆ। ਆਪਸੀ ਗੱਲ-ਬਾਤ ਤੇ ਹਾਸਾ ਮਜ਼ਾਕ ਕਰਦੇ ਕਰਦੇ ਪਤਾ ਹੀ ਨਹੀ ਲੱਗਾ ਕਿ ਕਦੋਂ ਮੰਜ਼ਲ ਆ ਗਈ। ਲੇਕ ਦੀ ਪਾਰਕਿੰਗ ਵਿੱਚ ਪਹੁੰਚ ਕੇ ਸਾਰੇ ਮੈਂਬਰਾਂ ਨੂੰ ਕੁੱਝ ਫਲ ਅਤੇ ਸਨੈਕ ਬਾਰ ਦੇਕੇ ਲੇਕ ਵੱਲ ਵਧਣ ਲਈ ਕਿਹਾ ਗਿਆ। ਉੱਚੀ ਨੀਵੀਂ ਥਾਂ ਤੇ ਆਪੋ ਆਪਣੀਆਂ ਕੁਰਸੀਆਂ ਤੇ ਬੈਂਚਾਂ ਤੇ ਬੈਠਣ ਤੋਂ ਬਾਦ ਮਨੋਰੰਜਨ ਦਾ ਪ੍ਰੋਗਰਾਮ ਸ਼ੁਰੂ ਹੋਇਆ। ਸਭ ਤੋਂ ਪਹਿਲਾ ਐਸੋਸੀਏਸਨ ਦੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਸਾਰੇ ਮੈਂਬਰ ਨੂੰ ਜੀ ਆਇਆਂ ਕਿਹਾ ਤੇ ਉਹਨਾਂ ਨੂੰ ਗਰੁੱਪ ਵਿੱਚ ਰਹਿ ਕੇ ਹਮੇਸ਼ਾ ਦੀ ਤਰਾ ਅਨੁਸ਼ਾਸਨ ਵਿੱਚ ਰਹਿਣ ਲਈ ਬੇਨਤੀ ਕੀਤੀ ਤੇ ਸਟੇਜ ਦੀ ਅਗਲੀ ਕਾਰਵਾਈ ਸ਼ੁਰੂ ਕਰਨ ਲਈ ਸੈਕਰੇਟਰੀ ਨੂੰ ਕਿਹਾ। ਸਟੇਜ ਦੀ ਕਾਰਵਾਈ ਚਲਾਉਂਦਿਆਂ ਸ਼ੁਰੂ ਵਿੱਚ ਜ਼ਿੰਦਗੀ ਦੇ ਫ਼ਲਸਫ਼ੇ ਨਾਲ ਜੁੜਿਆ ਗੀਤ "ਤੇਰੇ ਲੱਖ ਕੰਮ ਆਊਣੇ ਨਾ ਕਰੋੜ ਬੰਦਿਆ" ਪਲੇਅ ਕੀਤਾ ਗਿਆ। ਚਾਰ ਚੁਫੇਰੇ ਉੱਚੀਆਂ ਪਹਾੜੀਆਂ,ਹਰੇ ਭਰੇ ਰੁੱਖਾਂ ਦੀ ਸੰਘਣੀ ਛਾਂ ਦੇ ਨਜ਼ਾਰਿਆਂ ਦੀ ਸਿਫ਼ਤ ਕਰਦਾ ਇੱਕ ਹੋਰ ਗੀਤ "ਕੁਦਰਤ ਦਿਆ ਰੰਗਾਂ ਨੂੰ ਐਵੇ ਨਹੀ ਜਾਣੀਦਾ" ਪਲੇਅ ਕੀਤਾ। ਇਸ ਤੋਂ ਬਾਦ ਪਾਕਿਸਤਾਨੀ ਮੂਲ ਦੇ ਸੁਰੀਲੇ ਗਾਇਕ ਮੁਨੱਵਰ ਅਹਿਮਦ ਨੇ " ਲੰਘ ਆ ਜਾਹ ਪੱਤਣ ਝਨਾ ਦਾ" ਗਾਕੇ ਰੰਗ ਬੰਨ ਦਿੱਤਾ। ਇਸ ਤੋਂ ਬਾਦ ਮੈਂਬਰ ਜੋਗਾ ਸਿੰਘ ਲੇਹਲ ਤੇ ਭਜਨ ਸਿੰਘ ਸੱਗੂ ਨੇ ਹਸਾ ਹੱਸਾਕੇ ਵੱਖੀਆਂ ਹੌਲੀਆ ਕਰ ਦਿੱਤੀਆਂ। ਫਿਰ ਮੁਨੱਵਰ ਅਹਿਮਦ ਤੇ ਤਰਲੋਕ ਸਿੰਘ ਦੀ ਜੁਗਲਬੰਦੀ " ਭਈ ਆਪਣੇ ਦਿਲ ਤੋਂ ਪੁੱਛ ਕਿ ਵੇਖੋ ਕੌਣ ਨਹੀ ਹੈ ਚੋਰ ? ਕੀ ਮੈਂ ਝੂਠ ਬੋਲਿਆ...।ਕੋਈ ਨਾ ਬਈ ਕੋਈ ਨਾ" ਗਾ ਕਿ ਖੂਬ ਰੰਗ ਬੰਨਿਆ। ਆਪਣੀ ਜਨਮ ਭੂਮੀ ਤੇ ਮਨਾਏ ਜਾ ਰਹੇ ਅਜ਼ਾਦੀ ਦਿਹਾੜੇ ਤੇ ਵੀਰ ਜਵਾਨਾਂ ਨੂੰ ਕਿਵੇਂ ਭੁੱਲਿਆਂ ਜਾ ਸਕਦਾ ਸੀ। ਉਹਨਾਂ ਦੇ ਸਾਹਸ ਤੇ ਵੀਰਤਾ ਦੀ ਸਿਫ਼ਤ ਕਰਦੇ ਹੋਏ ਮੈਂਬਰਾਂ ਨੇ " ਇਹ ਦੇਸ਼ ਹੈ ਵੀਰ ਜਵਾਨੋ ਕਾ ਅਲਬੇਲੋ ਕਾ ਮਸਤਾਨੇ ਕਾ,ਇਸ ਦੇਸ ਕਾ ਯਾਰੋ ਕਿਆ ਕਹਿਨਾ" ਦੇ ਗੀਤ ਕੇ ਰੱਜ ਕਿ ਡਾਂਸ ਕੀਤਾ। ਉਹਨਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦੇ ਹੋਏ ਲਤਾ ਮੰਗੇਸਕਰ ਦਾ ਤਕਰੀਬਨ 60 ਸਾਲ ਪਹਿਲਾ ਗਾਇਆ ਗੀਤ " ਐ ਮੇਰੇ ਵਤਨ ਕਿ ਲੋਗੋ ਜ਼ਰਾ ਆਖ ਮੇ ਭਰ ਲ? ਪਾਨੀ, ਜੋ ਸ਼ਹੀਦ ਹੂਏ ਹੈ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ" ਅੱਜ ਵੀ ਮੈਂਬਰਾਂ ਦੀਆਂ ਅੱਖਾਂ ਨਮ ਕਰ ਗਿਆ।

ਫਿਰ ਅੱਧੇ ਘੰਟੇ ਦੀ ਬ੍ਰੇਕ ਤੋਂ ਬਾਦ ਬਹੁਤ ਦੇਰ ਤੋ ਇੰਤਜ਼ਾਰ ਕਰ ਰਹੀਆਂ ਔਰਤਾਂ ਲਈ ਤੀਆਂ ਵਾਲਾ ਪਿੜ ਲਾਉਣ ਦਾ ਵੇਲਾ ਆ ਗਿਆ। ਫਿਰ ਕੀ ਸੀ ਪੁਰਾਣੀਆਂ ਤੇ ਨਵੀਆ ਬੋਲੀਆਂ ਨਾਲ,ਮੇਹਣੋ ਮੇਹਣੀ ਹੁੰਦੀਆਂ ਬੀਬੀਆਂ ਨੇ ਪੰਜਾਬ ਦੇ ਵਿਰਸੇ ਨੂੰ ਯਾਦ ਕਰਾ ਦਿੱਤਾ। ਇੱਕ ਦੂਜੇ ਤੋਂ ਵਧਕੇ ਮੋਰਾਂ ਵਾਂਗ ਪੈਲਾਂ ਪਾਉਂਦੀਆਂ ਨੇ ਖ਼ੂਬ ਰੰਗ ਬੰਨਿਆਂ। ਕੁੱਝ ਕੁ ਬੀਬੀਆਂ ਦੇ ਨਾਮ ਵਰਨਣ ਯੋਗ ਹਨ ਜਿਵੇਂ ਗੁਰਮੀਤ ਕੌਰ,ਚਰਨਜੀਤ ਕੌਰ,ਅਮਰਜੀਤ ਕੌਰ,ਮਨਦੀਪ ਹੁੰਦਲ,ਸੁੱਖੀ ਕੁੰਡੂ,ਛਿੰਦੀ ਕੰਮੋਹ ਤੇ ਲਲਿਤਾ ਜੀ। ਫਿਰ ਸਾਰਿਆ ਨੇ ਕੜਾਕੇ ਦੀ ਭੁੱਖ ਤੇ ਪੰਜਾਬੀ ਸਟਾਈਲ ਪੀਜੇ ਦਾ ਮਜ਼ਾ ਲਿਆ। ਚਾਹ ਦੀਆਂ ਚੁਸਕੀਆਂ ਤੋਂ ਬਾਦ ਸਾਰੇ ਆਪੋ ਆਪਣਾ ਸਮਾਨ ਚੁੱਕਕੇ ਪਾਰਕਿੰਗ ਵਿੱਚ ਇੰਤਜ਼ਾਰ ਕਰ ਰਹੀਆ ਬੱਸਾਂ ਵਿੱਚ ਬੈਠ ਗਏ। ਜਿੱਥੋਂ ਚੱਲੇ ਸੀ 6 ਵਜੇ ਉੱਥੇ ਵਾਪਸ ਕੈਲਗਰੀ ਪਹੁੰਚ ਗਏ। ਇਹ ਟੂਰ ਮੈਂਬਰਾਂ ਲਈ ਅਭੁੱਲ ਯਾਦ ਬਣ ਗਿਆ।

# ਸੁਰਜੀਤ ਸਿੰਘ ਹੇਅਰ, ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 30 ਅਗਸਤ 2024 ਨੂੰ ਮੌਂਟਰੀ ਪਾਰਕ ਕਮਿਉਨਿਟੀ ਹਾਲ ਵਿੱਚ ਹੋਈ ਮਾਸਕ ਇਕੱਤਰਤਾ ਵਿੱਚ ਸਰਬ ਸੰਮਤੀ ਨਾਲ ਸੁਰਜੀਤ ਸਿੰਘ ਹੇਅਰ ਨੂੰ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਬੋਰਡ ਦੇ ਤਿੰਨ ਹੋਰ ਮੈਂਬਰਾਂ ਦੀ ਵੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਨਵੇਂ ਬੋਰਡ ਵਿੱਚ ਸੁਰਜੀਤ ਸਿੰਘ ਹੇਅਰ ਪ੍ਰਧਾਨ,ਸੁਰਿੰਦਰ ਕਾਲੀਆ ਉਪ ਪ੍ਰਧਾਨ,ਨਿਰਮਲ ਸਿੰਘ ਕੁਲਾਰ ਖ਼ਜ਼ਾਨਚੀ,ਪਰਿਬੇਸ਼ ਪਰਹਾਰ ਸਕੱਤਰ,ਰਾਮ ਸਿੰਘ ਬਰਾੜ ਡਾਇਰੈਕਟਰ ਤਰਸੇਮ ਲਾਲ ਕੌੜਾ ਡਾਇਰੈਕਟਰ,ਦਰਸ਼ਨ ਸਿੰਘ ਧਾਲੀਵਾਲ ਡਾਇਰੈਕਟਰ, ਅਤੇ ਮੰਜੂ ਅਗਰਵਾਲ ਡਾਇਰੈਕਟਰ ਚੇਣੇ ਗਏ ਹਨ। ਸੁਰਜੀਤ ਸਿੰਘ ਹੇਅਰ ਨੇ ਇਸ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਉਪ ਪ੍ਰਧਾਨ ਸੁਰਿੰਦਰ ਕਾਲੀਆ ਨੇ ਦੱਸਿਆ ਕਿ ਪਹਿਲੇ ਪ੍ਰਧਾਨ ਸੁਰਿੰਦਰ ਸਿੰਘ ਸੇਖੋਂ ਨੇ ਆਪਣੀ ਸਿਹਤ ਨਾਸਾਜ਼ ਹੋਣ ਕਾਰਨ ਪ੍ਰਧਾਨਗੀ ਦੀਆਂ ਸੇਵਾਵਾਂ ਨਿਭਾਉਣ ਤੋਂ ਅਸਮਰਥਤਾ ਪ੍ਰਗਟਾਈ ਹੈ। ਇਸ ਮੌਕੇ ਬਾਰਾਂ ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਨਾਲ ਨਿਵਾਜਿਆ ਗਿਆ ਅਤੇ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਸ: ਸ਼ਿੰਗਾਰਾ ਸਿੰਘ ਅਟਕਰ ਦੇ ਅਕਾਲ ਚਲਾਣਾ ਕਰ ਜਾਣ ਤੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪਰਿਬੇਸ਼ ਪਰਹਾਰ ਅਤੇ ਲਲਿਤਾ ਸਿੰਘ ਨੇ ਕ੍ਰਮਵਾਰ ਸ਼ੂਗਰ ਦੀ ਬੀਮਾਰੀ ਤੇ ਨੀਂਦ ਨਾਂ ਆਉਣ ਦੀ ਸਮੱਸਿਆ ਬਾਰੇ ਜਾਣਕਾਰੀ ਦਿੱਤੀ। ਅਖੀਰ ਵਿੱਚ ਸਾਰਿਆਂ ਨੇ ਚਾਹ ਤੇ ਜਲੇਬੀਆਂ ਦਾ ਅਨੰਦ ਮਾਣਿਆ।

# ਇੰਕਾ ਸੀਨੀਅਰ ਸਿਟੀਜਨ ਸੋਸਾਸਿਟੀ ਵਾਲਿਆਂ ਨੇ ਲੇਬਰ ਡੇ ਉਪਰ ਵਿਚਾਰ ਚਰਚਾ ਕੀਤੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਹਾਲ ਵਿੱਚ ਹੋਈ ਇਕੱਤਰਤਾ ਦੌਰਾਨ ਸੰਸਥਾ ਦੇ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਜੀ ਆਇਆ ਆਖਿਆ। ਉਹਨਾਂ ਦੱਸਿਆ ਕਿ ਹਰ ਮੀਟਿੰਗ ਵਿੱਚ ਕਿਸੇ ਨਾ ਕਿਸੇ ਵਿਸ਼ੇ ਉੱਪਰ ਵਿਚਾਰ ਚਰਚਾ ਕੀਤੀ ਜਾਂਦੀ ਹੈ, ਸੋ ਇਸ ਵਾਰੀ ਲੇਬਰ ਡੇ ਕੈਨੇਡਾ ਨੂੰ ਚੁਣਿਆ ਗਿਆ ਹੈ। ਮਾਸਟਰ ਬਚਿੱਤਰ ਸਿੰਘ ਗਿੱਲ ਹੋਰਾਂ ਨੇ ਮਜ਼ਦੂਰਾਂ ਦੇ ਇਤਿਹਾਸ, ਉਹਨਾਂ ਦੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਜਿੱਥੇ ਉਹਨਾਂ ਕਨੇਡਾ ਦੇ ਵਧੀਆ ਸਿਸਟਮ ਵਿੱਚ ਖਰਲ਼ ਪਾਉਣ ਵਾਲਿਆਂ ਦੀ ਨਿੰਦਾ ਕੀਤੀ ਉੱਥੇ ਉਹਨਾਂ ਵਿਦੇਸ਼ੀ ਕਾਬਿਲ ਵਿਦਿਆਰਥੀਆਂ ਨੂੰ ਐਡਜਸਟ ਕਰਨ ਲਈ ਵੀ ਸਰਕਾਰ ਨੂੰ ਅਪੀਲ ਕੀਤੀ। ਮੇਜਰ ਸਿੰਘ ਧਾਲੀਵਾਲ ਨੇ ਬਜ਼ੁਰਗਾਂ ਤੇ ਕੀਤੇ ਸਰਵੇਖਣ ਬਾਰੇ ਜ਼ਿਕਰ ਕੀਤਾ ਕਿ ਜਿਨਾਂ ਦੀ ਉਮਰ ਤਕਰੀਬਨ 100 ਸਾਲ ਸੀ ਤਾਂ ਉਹਨਾਂ ਦੇ ਇਹੋ ਜਿਹੇ ਨਿਯਮ ਸਨ ਜਿਵੇਂ ਸਾਦਾ ਖਾਣਾ, ਛੇਤੀ ਸੋਣਾ, ਸਵਾਗਤ ਉੱਠਣਾ, ਰੱਬ ਦਾ ਨਾਂ ਲੈਣਾ, ਸੈਰ ਕਰਨੀ, ਰੁੱਝੇ ਰਹਿਣਾ,ਅਤੇ ਲੋੜਵੰਦਾਂ ਦੀ ਮੱਦਦ ਕਰਨੀ ਆਦਿ ਸ਼ਾਮਿਲ ਸਨ। ਇਸ ਮਹੀਨੇ ਵਿੱਚ ਜਿਨਾਂ ਸੰਸਥਾ ਦੇ ਮੈਂਬਰਾਂ ਦੇ ਜਨਮ ਦਿਨ ਆਉਂਦੇ ਹਨ ਉਹਨਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਚਾਹ ਪਾਣੀ ਦਾ ਪ੍ਰਬੰਧ ਹਮੇਸ਼ਾ ਵਾਂਗ ਸੀ। ਸੰਸਥਾ ਦੇ ਵਾਈਸ ਪ੍ਰੈਜੀਡੈਂਟ ਸੁਰਮਖ ਸਿੰਘ ਕੂਨਰ ਹੋਰਾਂ ਨੇ ਅੱਜ ਦੇ ਸਮਾਗਮ ਵਿੱਚ ਹਾਜਰੀ ਭਰਨ ਲਈ ਸਭ ਦਾ ਧੰਨਵਾਦ ਕੀਤਾ।

# ਜੇਲ੍ਹ ਵਿੱਚ ਬੰਦ ਇਮਰਾਨ ਖਾਨ ਨੇ ਪਾਈ ਦੁਹਾਈ ਕਿ ਉਹਨਾਂ ਦੀ ਜਾਨ ਨੂੰ ਖਤਰਾ ਹੈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਜੇਲ੍ਹ ਵਿਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਦੀ ਇਸ ਹਾਲਤ ਲਈ ਫੌਜ ਤੇ ਆਈਐੱਸਆਈ ਜ਼ਿੰਮੇਵਾਰ ਹਨ। ਖ਼ਾਨ ਨੇ ਆਪਣੀ ਜਾਨ ਨੂੰ ਖ਼ਤਰਾ ਹੋਣ ਦਾ ਵੀ ਖ਼ਦਸ਼ਾ ਜਤਾਇਆ ਹੈ। ਪਿਛਲੇ ਸਾਲ ਤੋਂ ਅਡਿਆਲਾ ਜੇਲ੍ਹ ਵਿਚ ਬੰਦ ਖ਼ਾਨ ਨੇ ਦੇਸ਼ ਵਿਚ ਅਮਨ-ਕਾਨੂੰਨ ਦੇ ਵਿਗੜਦੇ ਹਾਲਾਤ ਲਈ ਮੌਜੂਦਾ ਨਿਜ਼ਾਮ ਨੂੰ ਜ਼ਿੰਮੇਵਾਰ ਦੱਸਿਆ। ਆਮ ਚੋਣਾਂ ਵਿਚ ਧੋਖਾਧੜੀ ਦੇ ਆਪਣੇ ਦਾਅਵਿਆਂ ਨੂੰ ਦੁਹਰਾਉਂਦਿਆਂ ਖ਼ਾਨ ਨੇ ਜੇਲ੍ਹ ਵਿਚੋਂ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਉਹੀ ਸਰਕਾਰ ਬੁਨਿਆਦੀ ਸੁਧਾਰਾਂ ਦੀ ਯੋਜਨਾ ਘੜ ਸਕਦੀ ਹੈ ਜਿਸ ਕੋਲ ਅਸਲ ਜਾਂ ਮੁਕੰਮਲ ਫ਼ਤਵਾ ਹੋਵੇ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਬਾਨੀ ਨੇ ਐਕਸ 'ਤੇ ਇੱਕ ਪਾਈ ਪੋਸਟ ਵਿੱਚ ਕਿਹਾ, "ਆਈਐੱਸਆਈ ਮੇਰੀ ਕੈਦ ਨਾਲ ਸਬੰਧਤ ਸਾਰੇ ਪ੍ਰਸ਼ਾਸਨਿਕ ਮਾਮਲਿਆਂ ਨੂੰ ਦੇਖਦੀ ਹੈ। ਮੈਂ ਇਹ ਗੱਲ ਫਿਰ ਕਹਿ ਰਿਹਾ ਹਾਂ: ਜੇ ਮੈਨੂੰ ਕੁੱਝ ਹੁੰਦਾ ਹੈ ਤਾਂ ਇਸ ਲਈ ਥਲ ਸੈਨਾ ਮੁਖੀ ਤੇ ਡੀਜੀ ਆਈਐੱਸਆਈ ਜ਼ਿੰਮੇਵਾਰ ਹੋਣਗੇ।" ਖ਼ਾਨ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ ਜਦੋਂ ਅਜੇ ਦੋ ਦਿਨ ਪਹਿਲਾਂ ਪਾਕਿਸਤਾਨ ਸਰਕਾਰ ਨੇ ਕਿਹਾ ਸੀ ਕਿ ਪਿਛਲੇ ਸਾਲ 9 ਮਈ ਨੂੰ ਹੋਈ ਹਿੰਸਾ ਸਬੰਧੀ ਸਾਬਕਾ ਪ੍ਰਧਾਨ ਮੰਤਰੀ ਖ਼ਿਲਾਫ਼ ਮੁਕੱਦਮੇ ਨੂੰ ਮਿਲਟਰੀ ਕੋਰਟ ਵਿਚ ਤਬਦੀਲ ਕੀਤਾ ਜਾ ਸਕਦਾ ਹੈ।

# ਸ਼ਰਾਬੀ ਡਰਾਈਵਰ ਨੇ ਹਾਕੀ ਹੀਰੋ ਅਤੇ ਉਸਦੇ ਭਰਾ ਨੂੰ ਗੱਡੀ ਹੇਠ ਦਰੜਕੇ ਮਾਰਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਸ਼ਰਾਬੀ ਐਸਯੂਵੀ ਡਰਾਈਵਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਐਨ ਐਚ ਐਲ ਖਿਡਾਰੀ ਜੋਨੀ ਗੁਡਰੌਉ ਅਤੇ ਉਸਦੇ ਛੋਟੇ ਭਰਾ ਦੀ ਮੌਤ ਹੋ ਗਈ ਹੈ। ਇਹ ਹਾਦਸਾ ਉਸ ਵਕਤ ਵਾਪਰਿਆ ਜਦੋਂ 31 ਸਾਲਾਂ ਜੋਨੀ ਅਤੇ ਉਸਦਾ ਭਰਾ ਨਿਊ ਜਰਸੀ ਵਿੱਚ ਸਾਈਕਲਿੰਗ ਕਰ ਰਹੇ ਸਨ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋਨੀ ਅਤੇ ਉਸਦੇ 29 ਸਾਲਾ ਭਰਾ ਮੈਥਿਊ ਨੇ ਫਿਲਾਡੇਲਫੀਆ ਵਿੱਚ ਆਪਣੀ ਭੈਣ ਕੈਟੀ ਦੇ ਵਿਆਹ ਵਿੱਚ ਸ਼ਾਮਿਲ ਹੋਣਾ ਸੀ। ਨਿਊ ਜਰਸੀ ਸਟੇਟ ਪੁਲਿਸ ਨੇ ਦੱਸਿਆ ਕਿ ਜਦੋਂ ਇਹ ਦੋਵੇਂ ਭਰਾ ਸਾਈਕਲਿੰਗ ਕਰ ਰਹੇ ਸਨ ਤਾਂ ਇੱਕ ਵਿਅਕਤੀ ਉਸੇ ਦਿਸ਼ਾ ਵੱਲ ਆਪਣੀ ਐਸਯੂਵੀ ਤੇ ਆ ਰਿਹਾ ਸੀ ਉਸ ਨੇ ਦੋ ਹੋਰ ਵਾਹਨਾਂ ਨੂੰ ਕ੍ਰਾਸ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹਨਾਂ ਦੋਹਾਂ ਭਰਾਵਾਂ ਨੂੰ ਟੱਕਰ ਮਾਰ ਦਿੱਤੀ। ਦੋਹਾਂ ਨੂੰ ਮੌਕੇ ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਹੈ ਕਿ 43 ਸਾਲਾ ਡਰਾਈਵਰ ਸ਼ੌਨ ਐਮ ਹਿਗਿੰਸ ਨਾ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਤਾ ਲੱਗਾ ਹੈ ਕਿ ਐਸਯੂਵੀ ਚਲਾਉਣ ਤੋਂ ਪਹਿਲਾਂ ਉਸਨੇ ਪੰਜ ਤੋਂ ਛੇ ਬੀਅਰਾਂ ਪੀਤੀਆਂ ਸਨ ਤੇ ਡਰਾਈਵਿੰਗ ਕਰਦਿਆਂ ਵੀ ਉਹ ਸ਼ਰਾਬ ਪੀ ਰਿਹਾ ਸੀ। ਵਰਨਣ ਯੋਗ ਹੈ ਕਿ ਜੋਨੀ ਗੁਡਰੌਉ ਕੈਲਗਰੀ ਫਲੇਮਜ਼ ਵੱਲੋਂ ਲੰਬੇ ਸਮੇਂ ਤੱਕ ਖੇਡਦਾ ਰਿਹਾ ਹੈ।

## ਭੁਚਾਲ ਦੀ ਅਗਾਊਂ ਜਾਣਕਾਰੀ ਦੇਣ ਵਾਲਾ ਸਿਸਟਮ ਚਾਲੂ ਹੋਇਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਭੁਚਾਲ ਦੀ ਅਗਾਊ ਜਾਣਕਾਰੀ ਦੇਣ ਵਾਸਤੇ ਜਾਂ ਫਿਰ ਅਰਥਕੁਏਕ ਅਰਲੀ ਵਾਰਨਿੰਗ ਓਓ ਸਿਸਟਮ ਦਾ ਉਦਘਾਟਨ ਕਰ ਦਿੱਤਾ ਹੈ ਅਤੇ ਇਹ ਸਿਸਟਮ ਪੂਰੀ ਤਰ੍ਹਾਂ ਕੰਮ ਕਰਨ ਲੱਗ ਗਿਆ ਹੈ। ਐਮਰਜੈਂਸੀ ਮੈਨੇਜਮੈਂਟ ਮੰਤਰੀ ਬੋਵਨ ਮਾ ਵੱਲੋਂ ਇਹ ਐਲਾਨ ਕੀਤਾ ਗਿਆ ਉਹਨਾਂ ਦੱਸਿਆ ਕਿ ਇਹ ਸਿਸਟਮ ਇਸੇ ਸਾਲ ਈਸਟਰਨ ਈਸਟਰਨ ਓਂਟਾਰੀਓ ਤੇ ਸਾਊਦਰਨ ਕੁਬੈਕ ਵਾਸਤੇ ਵੀ ਸ਼ੁਰੂ ਕਰ ਦਿੱਤਾ ਜਾਵੇਗਾ।

# ਮਲਟੀਕਲਚਰਲ ਸੀਨੀਅਰ ਸੁਸਾਇਟੀ ਨੇ ਭਾਰਤ ਦਾ ਆਜ਼ਾਦੀ ਦਿਵਸ ਮਨਾਇਆ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਆਜ਼ਾਦੀ ਦਿਵਸ ਦੇ ਸੰਬੰਧ ਵਿੱਚ ਮਲਟੀਕਲਚਰਲ ਸੀਨੀਅਰ ਸੁਸਾਇਟੀ ਆਫ਼ ਅਲਬਰਟਾ ਦੇ ਮੈਂਬਰਾਂ ਨੇ ਆਪਣੇ ਦਫ਼ਤਰ ਵਿੱਚ ਇੱਕ ਇਕੱਤਰਤਾ ਕੀਤੀ।ਮੀਟਿੰਗ ਦੀ ਪ੍ਰਧਾਨਗੀ ਜੁਗਿੰਦਰ ਸਿੰਘ ਜੌੜਾ ਨੇ ਕੀਤੀ ਤੇ ਸਟੇਜ ਦਾ ਸੰਚਾਲਨ ਜ਼ੀਰ ਸਿੰਘ ਬਰਾੜ ਵੱਲੋਂ ਕੀਤਾ ਗਿਆ। ਮੀਟਿੰਗ ਦੀ ਸ਼ੁਰੂਆਤ ਵਿੱਚ ਜ਼ੀਰ ਸਿੰਘ ਬਰਾੜ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸ਼ਹੀਦ ਹੋਏ ਭਾਰਤੀਆਂ ਦੀਆਂ ਕੁਰਬਾਨੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਇੰਕਾ ਸੋਸਾਇਟੀ ਤੋਂ ਮੀਟਿੰਗ ਵਿੱਚ ਸ਼ਾਮਿਲ ਮੇਜਰ ਸਿੰਘ ਧਾਲੀਵਾਲ ਨੂੰ ਆਪਣੇ ਵਿਚਾਰ ਦੇਣ ਲਈ ਸੱਦਾ ਦਿੱਤਾ। ਮੇਜਰ ਸਿੰਘ ਨੇ ਇਸ ਮੌਕੇ ਤੇ ਸਾਰਿਆਂ ਨੂੰ ਆਜਾਦੀ ਦਿਨ ਦੀ ਵਧਾਈ ਦਿੱਤੀ ਤੇ ਸੁਸਾਇਟੀ ਦੇ ਮੈਂਬਰਾਂ ਦੀ ਸ਼ਲਾਘਾ ਕੀਤੀ। ਬਿੱਕਰ ਸਿੰਘ ਸੰਧੂ ਨੇ ਸਾਰਿਆਂ ਨੂੰ ਵਧਾਈ ਦੇਣ ਤੋਂ ਇਲਾਵਾ ਆਜ਼ਾਦੀ ਦੀ ਲੜਾਈ ਦੌਰਾਨ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਦੀ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਨਾਲ ਹੀ ਉਨ੍ਹਾਂ ਨੇ ਭਾਰਤ ਸਰਕਾਰ ਦੁਆਰਾ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਵੀ ਚਰਚਾ ਕੀਤੀ। ਗੁਰਬਚਨ ਸਿੰਘ ਬਰਾੜ ਨੇ ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਣ ਵਾਲਿਆਂ ਦਾ ਸੁਫਨਾ ਪੂਰਾ ਨਾਂ ਹੋਣ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਜੇ ਵੀ ਜੋ ਰਹੀ ਹੈ ਤੇ ਦੁਨੀਆ ਭਰ ਵਿੱਚ ਇਸ ਸਮੇਂ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਕਾਬਜ਼ ਹਨ। ਮੀਟਿੰਗ ਦੇ ਅਖੀਰ ਵਿੱਚ ਸੋਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਜੌੜਾ ਨੇ ਸਭ ਦਾ ਧੰਨਵਾਦ ਕੀਤਾ।ਸਾਰੇ ਹਾਜ਼ਰ ਮੈਂਬਰਾਂ ਨੇ ਚਾਹ ਤੇ ਸਨੈਕਸ ਦਾ ਅਨੰਦ ਮਾਣਿਆ।

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਗੁੰਮਹੋਈ ਗੁਰਨੂਰ ਕੌਰ ਦੀ ਭਾਲ ਲਈ ਸਰੀ ਪੁਲਿਸ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ।

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਰੀ ਆਰਸੀ ਐਮਪੀ ਵੱਲੋਂ ਇੱਕ ਪੰਜਾਬਣ ਲੜਕੀ ਦੀ ਤਲਾਸ਼ ਕੀਤੀ ਜਾ ਰਹੀ ਹੈ ਜੋ ਪਿਛਲੇ ਕਈ ਦਿਨਾਂ ਤੋਂ ਗੁੰਮ ਹੈ। ਇਸ ਲੜਕੀ ਸਬੰਧੀ ਜਾਣਕਾਰੀ ਦਿੰਦਿਆਂ ਸਰੀ ਆਰਸੀਐਮਪੀ ਨੇ ਦੱਸਿਆ ਕਿ 19 ਸਾਲਾਂ ਦੀ ਗੁਰਨੂਰ ਕੌਰ ਦੇ ਗੁੰਮ ਹੋਣ ਦੀ ਰਿਪੋਰਟ 24 ਅਗਸਤ ਨੂੰ ਲਿਖਾਈ ਗਈ ਸੀ। ਉਸ ਨੂੰ ਆਖਰੀ ਵਾਰ 22 ਅਗਸਤ ਨੂੰ ਐਬਟਸਫੋਰਡ ਦੇ ਮਾਰਸ਼ਲ ਰੋਡ ਦੇ 32100 ਬਲਾਕ ਤੇ ਸਥਿਤ ਇੱਕ ਹੋਟਲ ਵਿੱਚ ਸ਼ਾਮ ਸਵਾ ਵਜੇ ਦੇਖਿਆ ਗਿਆ ਸੀ। ਪੁਲਿਸ ਨੇ ਗੁਰਨੂਰ ਕੌਰ ਦਾ ਹੁਲੀਆ ਜਾਰੀ ਕਰਦਿਆਂ ਦੱਸਿਆ ਕਿ 19 ਸਾਲਾਂ ਦੀ ਗੁਰਨੂਰ ਦਾ ਕੱਦ ਪੰਜ ਫੁੱਟ ਛੇ ਇੰਚ ਤੇ ਭਾਰ 130 ਪਾਊਂਡ ਹੈ। ਉਸਦੇ ਕਾਲੇ ਵਾਲ ਹਨ ਤੇ ਜਦੋਂ ਉਸਨੂੰ ਆਖਰੀ ਵਾਰ ਵੇਖਿਆ ਗਿਆ ਉਸਨੇ ਹਲਕੇ ਰੰਗ ਦੀ ਜੋਗਿੰਗ ਪੈਂਟ, ਕਾਲੀ ਸਵੈਟ ਸ਼ਰਟ ਅਤੇ ਕਾਲੇ ਰੰਗ ਦੀ ਬੇਸਬਾਲ ਸਟਾਈਲ ਹੈਟ ਪਹਿਨੀ ਹੋਈ ਸੀ ਅਤੇ ਉਸਨੇ ਪੋਨੀ ਟੇਲ ਕੀਤੀ ਹੋਈ ਸੀ। ਮੰਨਿਆ ਜਾ ਰਿਹਾ ਹੈ ਕਿ ਉਹ ਕਈ ਬੈਗ ਲੈ ਕੇ ਟਰੈਵਲ ਕਰਦੀ ਹੋ ਸਕਦੀ ਹੈ। ਜੇਕਰ ਕਿਸੇ ਨੂੰ ਗੁਰਨੂਰ ਬਾਰੇ ਕੋਈ ਵੀ ਜਾਣਕਾਰੀ ਹੋਵੇ ਤਾਂ ਸਰੀ ਆਰਸੀਐਮਪੀ ਨੂੰ ਫੋਨ ਨੰਬਰ 604-599-0502 ਤੇ ਕਾਲ ਕਰਕੇ ਫਾਈਲ ਨੰਬਰ 2024-125642 ਦਾ ਹਵਾਲਾ ਦਿੱਤਾ ਜਾਵੇ।

Sidhu Accounting & Financial Services

Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

## ਸੰਪਾਦਕੀ



ਜਿੱਥੇ ਇੱਛਾ, ਉੱਥੇ ਤਬਦੀਲੀ
-ਐਸ਼ਲੇ ਬਰੀਲੀਐਂਟ

## ਸੈਲਫ਼ੀ ਲੈਂਦਿਆਂ ਵਾਪਰਦੇ ਹਾਦਸੇ

ਸੋਸ਼ਲ ਮੀਡੀਆਂ ਉੱਪਰ ਪੈਂਦੀਆਂ ਸੈਲਫੀਆਂ ਅਤੇ ਸੈਲਫੀਆਂ ਨਾਲ ਸਬੰਧਿਤ ਖ਼ਬਰਾਂ ਦਿਲ ਨੂੰ ਬੇਚੈਨ ਕਰ ਦਿੰਦੀਆਂ ਹਨ ਜਦੋਂ ਪਤਾ ਲੱਗਦਾ ਹੈ ਕਿ ਕੁੱਝ ਨੌਜਵਾਨ ਨਦੀ ਕਿਨਾਰੇ ਰੀਲ ਬਣਾ ਰਹੇ ਸੀ ਤੇ ਪਾਣੀ ਦੇ ਵਹਾ ਵਿੱਚ ਰੁੜ੍ਹ ਗਏ, ਕਦੇ ਖ਼ਬਰ ਆਉਂਦੀ ਹੈ ਕਿ ਨੌਜਵਾਨ ਰੇਲਵੇ ਸਟੇਸ਼ਨ ਉੱਤੇ ਰੀਲ ਬਣਾ ਰਹੇ ਸਨ ਕਿ ਅਚਾਨਕ ਰੇਲ ਗੱਡੀ ਆ ਗਈ ਅਤੇ ਉਸ ਹੇਠਾਂ ਆ ਗਏ, ਕਦੇ ਪਹਾੜੀ ਉੱਤੇ ਜਾਂ ਕਿਤੇ ਕਈ ਮੰਜ਼ਿਲਾਂ ਉੱਚੀ ਇਮਾਰਤ ਉੱਤੇ ਅਜਿਹੇ ਨੌਜਵਾਨ ਚੜ੍ਹ ਜਾਂਦੇ ਹਨ ਅਤੇ ਜੋਸ਼ ਵਿੱਚ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਇੱਥੇ ਹੀ ਬੱਸ ਨਹੀਂ ਹੈ, ਰਸਤੇ ਵਿੱਚ ਹਾਦਸਾ ਵਾਪਰ ਜਾਂਦਾ ਹੈ ਤੇ ਰਾਹਗੀਰ ਹਾਦਸੇ ਦੇ ਸ਼ਿਕਾਰ ਵਿਅਕਤੀ ਨੂੰ ਬਚਾਉਂਦੇ ਨਹੀਂ ਹਨ ਬਲਕਿ ਪਹਿਲਾਂ ਵੀਡੀ? ਸ਼ੂਟ ਕਰਨ ਲੱਗ ਪੈਂਦੇ ਹਨ ਜਦਕਿ ਚਾਹੀਦਾ ਇਹ ਹੈ ਕਿ ਜ਼ਖ਼ਮੀ ਦੀ ਸੁਰੱਖਿਆ ਦੇ ਬੰਦੋਬਸਤ ਕੀਤੇ ਜਾਣ। ਇਹ ਖ਼ਬਰਾਂ ਇਕੱਲੀਆਂ ਪੰਜਾਬ ਜਾਂ ਇੰਡੀਆ ਦੇ ਕਿਸੇ ਖਿੱਤੇ ਵਿੱਚੋਂ ਹੀ ਨਹੀਂ ਆਉਂਦੀਆਂ ਸਗੋਂ ਕਨੇਡਾ ਦੀ ਧਰਤੀ ਉੱਪਰ ਨਵੇਂ ਨਵੇਂ ਆਏ ਵਿਦਿਆਰਥੀਆਂ ਨਾ ਜਿਕਰ ਵੀ ਵੱਡੀ ਗਿਣਤੀ ਵਿੱਚ ਹੁੰਦਾ ਹੈ। ਇਸ ਕਾਰਨ ਸਾਡੇ ਸਮਾਜ ਅਤੇ ਸਾਡੀ ਨਵੀਂ ਪੀੜ੍ਹੀ ਦੀ ਸੋਚ ਉੱਤੇ ਪ੍ਰਸ਼ਨਚਿੰਨ੍ਹ ਲੱਗਣੇ ਸ਼ੁਰੂ ਹੋ ਜਾਂਦੇ ਹਨ।ਤਕਨਾਲੋਜੀ ਦੇ ਵਿਕਾਸ ਨਾਲ ਲੋਕਾਂ ਦੀ ਸੋਚ ਅਤੇ ਵਿਹਾਰ ਦਾ ਬਦਲਣਾ ਸੁਭਾਵਿਕ ਹੈ, ਪਰ ਇਹ ਵੀ ਜ਼ਰੂਰੀ ਹੈ ਕਿ ਇਸ ਦੇ ਸਾਕਾਰਾਤਮਕ ਨਤੀਜੇ ਨਿਕਲਣ। ਦੇਖਿਆ ਗਿਆ ਹੈ ਕਿ ਸੋਸ਼ਲ ਮੀਡੀਆ ਦੀ ਵਰਚੁਅਲ ਦੁਨੀਆ 'ਚ ਲੋਕਾਂ 'ਚ ਰਾਤੋ-ਰਾਤ ਪ੍ਰਸਿੱਧੀ ਹਾਸਲ ਕਰਨ ਦੀ ਭੁੱਖ ਲਗਾਤਾਰ ਵਧਦੀ ਜਾ ਰਹੀ ਹੈ। ਸਮਾਰਟ ਫ਼ੋਨ ਦੇ ਕੈਮਰੇ ਨਾਲ ਸੈਲਫ਼ੀਆਂ ਲੈਣ ਅਤੇ ਰੀਲਾਂ (ਛੋਟੀਆਂ ਵੀਡੀ?) ਬਣਾਉਣ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕਰਨ ਦਾ ਸ਼ੌਕ ਇਸ ਹੱਦ ਤੱਕ ਨੌਜਵਾਨਾਂ ਅਤੇ ਨੌਜਵਾਨਾਂ 'ਤੇ ਹਾਵੀ ਹੋ ਰਿਹਾ ਹੈ ਕਿ ਉਹ ਇਸ ਲਈ ਆਪਣੀ ਜਾਨ ਵੀ ਖ਼ਤਰੇ ਵਿਚ ਪਾ ਦਿੰਦੇ ਹਨ। ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿੱਚ ਸੈਲਫੀ ਲੈਂਦੇ ਸਮੇਂ ਤਿੰਨ ਵਿਦਿਆਰਥੀਆਂ ਦੇ ਗੰਗਾ ਦੇ ਤੇਜ਼ ਵਹਾਅ ਵਿੱਚ ਰੁੜ੍ਹ ਜਾਣ ਦੀ ਘਟਨਾ ਬਹੁਤ ਹੀ ਦੁਖਦਾਈ ਹੈ। ਇਨ੍ਹਾਂ ਵਿੱਚ ਇੱਕ ਵਿਦਿਆਰਥੀ ਅਤੇ ਉਸ ਦੇ ਦੋ ਦੋਸਤ ਵੀ ਸ਼ਾਮਲ ਸਨ, ਜੋ ਬਿਹਾਰ ਦੇ ਪਟਨਾ ਤੋਂ ਮਿਲਣ ਲਈ ਉੱਥੇ ਗਏ ਸਨ। ਸੈਲਫੀ ਲੈਣ ਜਾਂ ਰੀਲਾਂ ਬਣਾਉਣ ਸਮੇਂ ਹਾਦਸਿਆਂ ਵਿੱਚ ਮੌਤਾਂ ਹੋਣ ਦੀਆਂ ਖਬਰਾਂ ਹਨ। ਕਈ ਵਾਰ ਅਜਿਹੇ ਕੰਮਾਂ ਦੌਰਾਨ ਉਥੋਂ ਲੰਘਣ ਵਾਲੇ ਹੋਰ ਲੋਕ ਵੀ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਅਜਿਹੀਆਂ ਘਟਨਾਵਾਂ ਤੋਂ ਸਬਕ ਕਿਉਂ ਨਹੀਂ ਸਿੱਖਦੇ! ਸੋਸ਼ਲ ਮੀਡੀਆ 'ਤੇ ਸੈਲਫੀ ਅਤੇ ਰੀਲਾਂ ਰਾਹੀਂ ਕੁੱਝ ਲੋਕਾਂ ਤੋਂ ਤਾਰੀਫ ਹਾਸਲ ਕਰਨ ਲਈ ਆਪਣੀ ਅਤੇ ਦੂਜਿਆਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣਾ ਸੱਚਮੁੱਚ ਇੱਕ ਗੰਭੀਰ ਮਾਮਲਾ ਹੈ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਦੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਅਧਿਐਨ ਦੇ ਅਨੁਸਾਰ, ਸੈਲਫੀ ਲੈਣ ਦੌਰਾਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਹੈ। ਕਿਸ਼ੋਰਾਂ ਅਤੇ ਨੌਜਵਾਨਾਂ ਵਿੱਚ ਵੱਧ ਰਹੇ ਜੋਖਮ ਭਰੇ ਰੁਝਾਨਾਂ ਨੂੰ ਕਾਬੂ ਕਰਨ ਲਈ ਮਾਪਿਆਂ ਦੀ ਭੂਮਿਕਾ ਮਹੱਤਵਪੂਰਨ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਝਾਉਣਾ ਹੋਵੇਗਾ ਕਿ ਸੈਲਫੀ ਅਤੇ ਸੋਸ਼ਲ ਮੀਡੀਆ ਨਾਲੋਂ ਉਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਦੇ ਪਰਿਵਾਰ ਲਈ ਜ਼ਿਆਦਾ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਜਿਹੇ ਸੈਰ-ਸਪਾਟਾ ਸਥਾਨਾਂ 'ਤੇ ਵਿਆਪਕ ਅਤੇ ਸਪੱਸ਼ਟ ਚੇਤਾਵਨੀਆਂ ਵੀ ਪੋਸਟ ਕਰਨੀਆਂ ਚਾਹੀਦੀਆਂ ਹਨ ਜਿੱਥੇ ਸੈਲਫੀ ਲੈਣਾ ਜੋਖਮ ਭਰਿਆ ਹੋ ਸਕਦਾ ਹੈ। ਨਿਯਮਾਂ ਦੀ ਅਣਦੇਖੀ ਕਰਕੇ ਜਨਤਕ ਥਾਵਾਂ 'ਤੇ ਸੈਲਫੀ ਲੈਣ ਅਤੇ ਰੀਲਾਂ ਬਣਾਉਣ ਵਾਲਿਆਂ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇ। ਅਜਿਹੇ ਸ਼ੌਕ ਨੂੰ ਉਚਿਤ ਨਹੀਂ ਮੰਨਿਆ ਜਾ ਸਕਦਾ, ਜੋ ਕਿ ਨੌਜਵਾਨਾਂ ਅਤੇ ਨੌਜਵਾਨਾਂ ਲਈ ਘਾਤਕ ਸਾਬਤ ਹੋ ਰਿਹਾ ਹੈ।

ਬਲਜੀਤ ਸਿੰਘ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਹਰਿਆਣਾ, ਜੰਮੂ-ਕਸ਼ਮੀਰ ਚੋਣਾਂ- ਭਾਜਪਾ ਦਾ ਅਕਸ ਦਾਅ 'ਤੇ



ਗੁਰਮੀਤ ਸਿੰਘ ਪਲਾਹੀ

ਇਹ ਸਪਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿੱਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗਠਬੰਧਨ ਵਿੱਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ਅਕਤੂਬਰ 2024 ਵਿੱਚ ਹੋ ਰਹੀਆਂ ਹਨ।

ਆਮ ਤੌਰ 'ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿੱਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ, ਜੰਮੂ ਕਸ਼ਮੀਰ ਦੀਆਂ ਚੋਣਾਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗਠਜੋੜ ਦਾ ਏਕਾ ਭਾਜਪਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਹਨਾ ਦਾ ਪੂਰਾ ਜ਼ੋਰ ਮਹਾਰਾਸ਼ਟਰ 'ਚ ਸਰਕਾਰ ਬਦਲਣ ਤੇ ਕੇਂਦਰਿਤ ਹੈ। ਉਧਰ ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਹਨਾ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ। ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿੱਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰੱਥਣ ਵੀ ਹੋਏਗਾ, ਜਿਸ ਵਿੱਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿੱਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿੱਚ ਉੱਭਰ ਪਾਏਗੀ।

2024 ਵਿੱਚ ਭਾਜਪਾ ਨੇ ਜੰਮੂ ਵਿੱਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4% ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜੰਮੂ ਕਸ਼ਮੀਰ ਵਿੱਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ। 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ 'ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿੱਚ 5 ਲੋਕ ਸਭਾ ਸੀਟਾਂ ਜਿੱਤੀਆਂ ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ 'ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਹਨਾਂ ਚੋਣਾਂ 'ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 'ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ 'ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਰ ਹਵਾ ਕਿਸ ਪਾਸੇ ਵੱਗ ਰਹੀ ਹੈ।

ਸਾਲ 2019 'ਚ ਜਦੋਂ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵੇਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ।

ਹਰਿਆਣਾ ਵਿੱਚ 2019 'ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ 'ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦੀ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 'ਚ ਵੀ ਸਰਕਾਰ ਨੂੰ ਸਰਕਾਰ ਵਿਰੋਧੀ ਰੋਸ ਦਾ ਸਾਹਮਣਾ ਸੀ ਪਰ ਹੁਣ 10 ਸਾਲਾਂ ਬਾਅਦ ਇਹ ਗੁੱਸਾ, ਰੋਸ, ਹੋਰ ਵੀ ਵਧਿਆ। ਮਨੋਹਰ ਲਾਲ ਖੱਟੜ ਵਿੱਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ 'ਚ ਨਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿੱਚ ਕੋਈ ਬਦਲਾਅ ਨਹੀਂ ਹੈ।

ਸੰਭਵ ਹੈ ਕਿ ਰਾਜ ਵਿੱਚ ਨਰੇਂਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ। ਪਰ ਭਾਜਪਾ ਲੋਕ ਸਭਾ ਚੋਣਾਂ 'ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ 'ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ 'ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਜ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲਾ 2024 'ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕ ਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੂੰ ਹਰਿਆਣਾ 'ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 'ਚ ਇਹ ਫ਼ੀਸਦੀ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ।

ਜਿਥੇ ਜੰਮੂ ਕਸ਼ਮੀਰ ਵਿੱਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾ ਕਾਫੀ ਘੱਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿੱਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿੱਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ।

ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀਡੀਪੀ (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਭਾਜਪਾ ਨੂੰ ਛੱਡਕੇ ਬਾਕੀ ਲਗਭਗ ਸਾਰੀਆਂ ਪਾਰਟਆਂ 370 ਧਾਰਾ ਖ਼ਤਮ ਕਰਨ ਦੇ ਹੱਕ 'ਚ ਹੈ ਅਤੇ ਇਸੇ ਮੁੱਦੇ 'ਤੇ ਚੋਣ ਲੜਨਗੀਆਂ।

ਹਰਿਆਣਾ ਵਿੱਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐਸ. ਐਲ.ਡੀ., ਬੀ.ਐਸ.ਪੀ. ਵੀ ਚੋਣਾਂ 'ਚ ਭਾਗ ਲੈਣਗੀਆਂ। ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ 'ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਹਨਾ ਦਿਨਾਂ 'ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉੱਲਟ ਪਰ ਕਾਂਗਰਸ ਦੇ ਹੱਕ 'ਚ ਭੁਗਤਣਗੇ।



ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿੱਚ ਦੋ ਧੜਿਆਂ 'ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ 'ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਸਮਰਥਣ ਮੰਗਿਆ ਸੀ। ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ 'ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਣ ਹੋ ਰਿਹਾ ਹੈ।

ਆਰ.ਐੱਸ.ਐੱਸ ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਹਨਾਂ ਦੋਨਾਂ ਰਾਜਾਂ ਵਿਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰੇਂਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਹਨਾਂ ਦੀ ਸਿਆਸੀ ਅਤੇ ਸਖ਼ਸ਼ੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾ ਜਿੱਤਣ ਲਈ ਹਰ ਹੀਲਾ ਵਰਤਣਗੇ। ਦੂਜੇ ਪਾਸੇ ਇੰਡੀਆ ਗੱਠਜੋੜ,(ਵਿਰੋਧੀ ਧਿਰ) ਵੀ ਇਹਨਾ ਮਹੱਤਵਪੂਰਨ ਸੂਬਿਆਂ 'ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਹਨਾ ਵਿੱਚ ਰਿਜ਼ਰਵੇਸ਼ਨ, ਲੈਟਰਲ ਇੰਟਰੀ ਨਾਲ ਵੱਡੇ ਅਫ਼ਸਰਾ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ, ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ 'ਚ ਰੋਸ ਅਤੇ ਨਰਾਜ਼ਗੀ ਵਧ ਰਹੀ ਹੈ।

ਬਿਨ੍ਹਾਂ ਸ਼ੱਕ ਵਿਧਾਨ ਸਭਾ ਚੋਣਾਂ 'ਚ ਸਥਾਨਿਕ ਮੁੱਦੇ ਵੀ ਚਰਚਾ 'ਚ ਆਉਂਦੇ ਹਨ, ਪਰ ਦੇਸ਼ 'ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਹਨਾ ਚੋਣਾਂ 'ਚ ਵੋਟਰਾਂ 'ਤੇ ਪ੍ਰਭਾਵ ਪਾਏਗੀ। ਉਂਜ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ । ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ । ਇਹ ਭਾਜਪਾ ਦੀ ਇਨ੍ਹਾਂ ਸੂਬਿਆਂ 'ਚ ਤਾਕਤ ਦੀ ਇਮਤਿਹਾਨੀ ਘੜੀ ਹੈ । ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ । ਜਿਥੇ ਆਉਣ ਵਾਲੇ ਮਹੀਨਿਆਂ 'ਚ ਚੋਣਾਂ ਹੋਣੀਆਂ ਹਨ। ਅਸਲ 'ਚ ਮਹਾਂਰਾਸ਼ਟਰ ਦੀਆਂ ਚੋਣਾਂ 'ਚ ਵੋਟਰਾਂ ਦਾ ਸਿਆਸੀ ਮੂਡ ਇਹਨਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ ।

# ਅਕਾਲੀ ਸਿਆਸਤ ਦਾ ਸੁਧਾਰ ? ਛੋਟਾ ਮੂੰਹ ਬੜੀ ਬਾਤ !



ਤਰਲੋਚਨ ਸਿੰਘ ਦੁਪਾਲ ਪੁਰ
001-408-915-1268
tsdupalpuri@yahoo.com

ਔਲ਼ਾ ਖਾਣ ਵਕਤ ਮੂੰਹ ਦਾ ਜ਼ਾਇਕਾ ਖੱਟਾ-ਕੌੜਾ ਜਿਹਾ ਹੋ ਜਾਂਦਾ ਐ ਤੇ ਇਵੇਂ ਹੀ ਸਿਆਣਿਆਂ ਵਲੋਂ ਕਹੀ ਗੱਲ ਮੌਕੇ ਮੁਤਾਬਕ ਤਾਂ ਅਤਿਕਥਨੀ ਜਾਪਦੀ ਹੁੰਦੀ ਹੈ ਪਰ ਜਿਵੇਂ ਔਲ਼ਾ ਖਾਣ ਬਾਅਦ ਮੂੰਹ ਵੀ ਸੁਆਦਲਾ ਹੋ ਜਾਂਦਾ ਤੇ ਗੱਲ ਕਹਿਣ ਵਾਲ਼ਾ ਸਿਆਣਾ ਵੀ ਯਾਦ ਆਉਣ ਲੱਗ ਪੈਂਦਾ ਹੈ।ਇਸੇ ਕਰਕੇ ਕਹਾਵਤ ਬਣੀ ਹੋਈ ਹੈ ਅਖੇ ਔਲ਼ੇ ਦਾ ਖਾਧਾ ਅਤੇ ਸਿਆਣੇ ਦਾ ਕਹਿਆ ਹੋਇਆ ਮਗਰੋਂ ਸੁਆਦ ਦਿੰਦੇ ਹਨ।ਸੰਨ 2002 ਦਾ ਸਤੰਬਰ ਮਹੀਨਾ ਚੜ੍ਹਦਿਆਂ ਹੀ ਆਉਂਦੇ ਨਵੰਬਰ ਮਹੀਨੇ ਵਾਲ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਣ ਵਾਲ਼ੀ ਸਾਲਾਨਾ ਚੋਣ ਲਈ,ਬਾਦਲ ਧੜੇ ਅਤੇ ਜਥੇਦਾਰ ਟੌਹੜਾ ਸਾਹਬ ਦੇ ਨਵਗਠਤ ਸਰਬ ਹਿੰਦ ਅਕਾਲੀ ਦਲ ਨੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ।ਪ੍ਰਕਾਸ਼ ਸਿੰਘ ਬਾਦਲ ਹੁਣਾ ਸਾਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਜਥੇਦਾਰ ਟੌਹੜਾ ਦੇ ਪ੍ਰਭਾਵ ਤੋਂ ਦੂਰ ਕਰਨ ਹਿਤ ਪਹਿਲਾਂ ਚੰਡੀਗੜ੍ਹ ਲਾਗਲੇ ਇਤਹਾਸਕ ਗੁਰਦੁਆਰਾ ਨਾਢਾ ਸਾਹਬ ਵਿਖੇ ਰੱਖਿਆ।ਫਿਰ ਕੈਪਟਨ ਅਮਰਿੰਦਰ ਸਿੰਘ,ਜੋ ਉਦੋਂ ਮੁੱਖ ਮੰਤਰੀ ਸਨ,ਦੇ ਸਰਕਾਰੀ ਡਰੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਾਨੂੰ ਦੋ ਵੱਖ ਵੱਖ ਬੱਸਾਂ ਵਿਚ ਲੱਦ ਕੇ ਲੈ ਗਏ ਆਪਣੇ ਹਰਿਆਣੇ ਵਿਚਲੇ ਫਾਰਮ ਬਾਲਾ ਸਰ ਨੂੰ।ਉੱਥੇ ਇਕੱਠੇ ਕੀਤੇ ਮੈਂਬਰਾਂ ਵਿਚੋਂ ਸਾਨੂੰ ਕੁੱਝ ਕੁ ਨੂੰ ਬਡੂੰਗਰ ਸਾਹਬ ਬਾਲਾ ਸਰ ਤੋਂ ਲੈ ਗਏ ਚੌਟ੍ਹਾਲਿਆਂ ਦੇ ਸਿਰਸੇ ਵਾਲ਼ੇ ਫਾਰਮ 'ਤੇ ਜਿੱਥੇ ਅੰਮ੍ਰਿਤਸਰ ਇਲਾਕੇ ਦੇ ਬਹੁਤੇ ਮਝੈਲ ਮੈਂਬਰ ਸਾਹਿਬਾਨ 'ਰੱਖੇ ਹੋਏ' ਸਨ। ਜਿਨ੍ਹਾਂ ਦਾ ਉੱਥੇ 'ਛਕਣ ਛਕਾਉਣ ਦਾ ਪੂਰਾ ਪ੍ਰਬੰਧ' ਚੌਟ੍ਹਾਲਿਆਂ ਵਲੋਂ ਹੀ ਕੀਤਾ ਹੋਇਆ ਸੀ !ਇੱਥੋਂ ਹੀ ਮੈਂ ਸਿਰਫ ਦੋ ਰਾਤਾਂ ਰਹਿਣ ਬਾਅਦ ਆਪਣੇ ਸਾਥੀ ਦੋ ਮੈਂਬਰ ਸਾਹਿਬਾਨ ਦੀ ਮੱਦਦ ਨਾਲ ਵੱਡੇ ਤੜਕੇ ਬਗਾਵਤ ਕਰ ਆਇਆ ਸਾਂ।ਜਦੋਂ ਵੀ ਕਿਤੇ ਕਿਸੇ ਮੌਕੇ ਮੇਰਾ ਇਹ 'ਬਗਾਵਤੀ ਕਿੱਸਾ' ਛਿੜਦਾ ਹੈ ਤਾਂ ਮੈਂ ਇਹ ਦੱਸਣਾ ਕਦੇ ਨਹੀਂ ਭੁੱਲਦਾ ਹੁੰਦਾ ਕਿ ਚੌਟ੍ਹਾਲਿਆਂ ਦੇ ਫਾਰਮ 'ਚੋਂ ਜਿਸ ਦਿਨ ਮੈਂ ਨਿਕਲ਼ਿਆ ਸਾਂ ਓਦਣ ਸੰਨ 2002 ਦੇ ਅਕਤੂਬਰ ਮਹੀਨੇ ਦੀ 25 ਤਰੀਕ ਸੀ।ਇਹ ਤਰੀਕ ਪੱਕੀ ਯਾਦ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਤੋਂ ਇਕ ਦਿਨ ਪਹਿਲੇ 24 ਅਕਤੂਬਰ ਦੀ ਸ਼ਾਮ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਨੂੰ ਗੋਲ਼ੀਆਂ ਮਾਰ ਕੇ ਬੁਰੀ ਤਰਾਂ ਜ਼ਖਮੀਂ ਕਰ ਦਿੱਤਾ ਗਿਆ ਸੀ।ਬਾਅਦ ਵਿਚ ਉਸ ਵਿਚਾਰੇ ਦੀ 21 ਨਵੰਬਰ ਨੂੰ ਅਪੋਲੋ ਹਸਪਤਾਲ਼ ਦਿੱਲੀ ਵਿਚ ਮੌਤ ਹੋ ਗਈ ਸੀ।ਉਦੋਂ ਕਿਵੇਂ ਦਸ ਕੁ ਮੀਲ ਰੇਤਿਆਂ ਵਿਚ ਪੈਦਲ ਚੱਲ ਕੇ ਅਤੇ ਫਿਰ ਸੜ੍ਹਕ 'ਤੇ ਜਾਂਦੇ ਇਕ ਟ੍ਰੈਕਟਰ ਉੱਤੇ ਬਹਿ ਕੇ ਦਿਨ ਚੜ੍ਹਦੇ ਨੂੰ ਮੈਂ ਡੱਬਵਾਲ਼ੀ ਕਿੱਦਾਂ ਪਹੁੰਚਿਆਂ ਸਾਂ,ਇਸ ਸਾਰੇ ਬਿਰਤਾਂਤ ਬਾਰੇ ਵੈਸੇ ਮੈਂ ਦੋ ਕਿਸ਼ਤਾਂ ਵਿਚ ਲੇਖ-ਲੜੀ ਲਿਖੀ ਸੀ ਜੋ ਉਦੋਂ ਦੇਸ਼ ਵਿਦੇਸ਼ ਦੇ ਪੰਜਾਬੀ ਅਖਬਾਰਾਂ ਵਿਚ ਇਸ ਸਿਰਲੇਖ ਹੇਠ 'ਜਦ ਮੈਂ ਭੇਡੂਆਂ ਦੇ ਵਾੜੇ 'ਚੋਂ ਨਿਕਲ਼ਿਆ' ਛਪੀ ਸੀ ! ਲਉ ਜੀ ਹੁਣ ਅਖੀਰ 'ਚ ਗੱਲ ਕਰੀਏ ਔਲ਼ੇ ਦੇ ਖਾਣ ਵਰਗੀ ਅਤੇ ਸਿਆਣੇ ਦੀ ਦੂਰਅੰਦੇਸ਼ੀ ਵਾਲ਼ੀ ਭਵਿੱਖਬਾਣੀ ਦੀ।ਜਦ ਮੈਂ ਬਾਦਲ ਦਲ ਤਿਆਗ ਕੇ ਆਪਣੇ ਪਿੰਡ ਆ ਗਿਆ ਤਾਂ ਪੰਥਕ ਸੋਚ ਵਾਲ਼ੇ ਅਨੇਕਾਂ ਲੋਕਾਂ ਵਲੋਂ ਮੈਨੂੰ ਵਧਾਈਆਂ ਦੇ ਫੋਨ ਆਉਣ ਲੱਗੇ।ਕੁੱਝ ਦੋਸਤ ਮੇਰੇ ਫੈਸਲੇ ਨਾਲ਼ ਅਸਹਿਮਤ ਵੀ ਸਨ।ਪਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ,ਜੋ ਉਸ ਮੌਕੇ ਟੌਹੜਾ ਸਾਹਬ ਨਾਲ਼ ਸਨ,ਮੈਨੂੰ ਵਧਾਈ ਦੇਣ ਘਰੇ ਆਏ।ਜਦਕਿ ਸਾਡੇ ਹਲਕੇ ਦੇ ਬਾਦਲ ਪੱਖੀ ਵਿਧਾਨਕਾਰ ਤੋਂ ਲੈ ਕੇ ਵੱਡੇ ਅਕਾਲੀ ਆਗੂਆਂ ਬੀਬੀ ਜਗੀਰ ਕੌਰ,ਜਥੇਦਾਰ ਕਿਰਪਾਲ ਸਿੰਘ ਬਡੂੰਗਰ,ਅਜੈਬ ਸਿੰਘ ਮੁਖਮੈਲ ਪੁਰ ਵਗੈਰਾ ਸਾਡੇ ਘਰ ਆ ਕੇ ਮੈਨੂੰ ਮੁੜ ਬਾਦਲਾਂ ਨਾਲ਼ ਮਿਲਾਉਣ ਲਈ ਤਰਲਿਆਂ ਦੇ ਨਾਲ਼ ਨਾਲ਼ ਕਈ ਤਰਾਂ ਦੇ ਲਾਲਚਾਂ ਦੀ ਪੇਸ਼ਕਸ਼ ਵੀ ਕਰਨ ਲੱਗੇ ! ਅਜਿਹੇ ਖਿੱਚੋ-ਤਾਣੀ ਦੇ ਮਾਹੌਲ ਵਿਚ ਮੈਨੂੰ ਮੁਬਾਰਕ ਦੇਣ ਆਏ ਅਜੋਕੀ ਵਿੱਦਿਅਕ ਤੇ ਸਾਹਿੱਤਕ ਸੰਸਥਾ 'ਨਾਦ ਪ੍ਰਗਾਸ' ਸ੍ਰੀ ਅੰਮ੍ਰਿਤਸਰ ਦੇ ਬਾਨੀ ਪ੍ਰੋਫੈਸਰ ਜਗਦੀਸ਼ ਸਿੰਘ,ਜੋ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਦੇ ਹਮਜਮਾਤੀ ਹੋਣ ਸਦਕਾ ਮੇਰੇ ਵੀ ਜਾਣੂ ਸਨ।ਬਾਦਲ ਦਲ ਤਿਆਗਣ ਕਾਰਨ ਮੇਰੇ ਸਨਮਾਨ ਵਜੋਂ ਰੱਖੇ ਗਏ ਇਕ ਸਾਦੇ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਅਜਿਹੇ ਵਿਚਾਰ ਪ੍ਰਗਟਾਏ ਸਨ- 'ਖਾਲਸਾ ਜੀ,ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਸਾਡੇ ਸਮਿਆਂ ਵਿਚ 'ਬਾਦਲ ਦਲ' ਬਣਾ ਦੇਣ ਵਾਲ਼ਾ ਪ੍ਰਵਾਰ ਜਿਵੇਂ ਦਿਨ-ਬ-ਦਿਨ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ,ਇਹ ਇਨ੍ਹਾਂ ਨੂੰ ਕਿਸੇ ਦਿਨ ਬਹੁਤ ਮਹਿੰਗਾ ਪਵੇ ਗਾ।ਭਵਿੱਖ ਵਿਚ ਜਦੋਂ ਵੀ ਕਦੇ ਵੀ ਪਾਰਟੀ ਦਾ ਸੁਧਾਰ ਸ਼ੁਰੂ ਹੋਇਆ ਤਾਂ ਦਲ ਵਿਚਲੇ ਸਾਰੇ ਅਕਾਲੀਆਂ ਨੂੰ ਭਾਅ ਜੀ ਦੁਪਾਲ ਪੁਰੀ ਵਾਂਗ ਬਗਾਵਤ ਦਾ ਰਾਹ ਅਖਤਿਆਰ ਕਰਨਾ ਹੀ ਪਵੇ ਗਾ ! ਤਦ ਜਾ ਕੇ ਸ਼ਾਇਦ ਇਹ ਪਾਰਟੀ ਮੁੜ 'ਸ਼੍ਰੋਮਣੀ' ਬਣ ਸਕੇ ਗੀ !'




ਪ੍ਰੋਫੈਸਰ ਜਗਦੀਸ਼ ਸਿੰਘ ਦੇ ਇਹ ਸ਼ਬਦ ਉਦੋਂ ਮੈਨੂੰ 'ਵਧਾ ਚੜ੍ਹਾ ਕੇ ਕੀਤੀ ਗਈ ਮੇਰੀ ਸਿਫਤ' ਹੀ ਲੱਗੇ ਸਨ ਤੇ ਮੈਂ ਆਪਣੇ ਕੁੱਝ ਸਾਲਾਂ ਦੇ ਸਿਆਸੀ ਤਜ਼ਰਬੇ ਕਾਰਨ ਸੋਚਦਾ ਸਾਂ ਕਿ ਅਹੁਦਿਆਂ ਜਾਂ ਟਿਕਟਾਂ ਦੇ ਭੁੱਖੇ ਆਗੂ ਬਾਦਲ ਪ੍ਰਵਾਰ ਨੂੰ ਕਦੇ ਨਹੀਂ ਛੱਡਣ ਗੇ ? ਪਰ ਹੁਣ ਜਦੋਂ ਮੈਂ ਸਰਦਾਰ ਢੀਂਡਸਾ,ਪ੍ਰੋਫੈਸਰ ਚੰਦੂ ਮਾਜਰਾ ਅਤੇ ਬੀਬੀ ਜਗੀਰ ਕੌਰ ਵਰਗੇ ਸਿਰਕੱਢ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗ ਰਹੇ ਦੇਖਦਾ ਹਾਂ ਤਾਂ ਮੈਨੂੰ ਪ੍ਰੋਫੈਸਰ ਜਗਦੀਸ਼ ਸਿੰਘ ਵਲੋਂ ਬਾਈ ਸਾਲ ਪਹਿਲਾਂ ਦੇ ਬੋਲੇ ਹੋਏ ਬੋਲ ਹੁਣ ਸੱਚੇ ਹੋ ਰਹੇ ਜਾਪਦੇ ਹਨ !ਉਪਰੋਕਤ ਬਗਾਵਤੀ ਆਗੂ ਸਫਲ ਹੋਣਗੇ ਜਾਂ ਅਸਫਲ ?ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿਚ ਪਿਆ ਹੈ !

ਸਿੱਖ ਸਕਾਲਰ ਰਣਜੀਤ ਸਿੰਘ ਉਰਫ ਕੁੱਕੀ ਗਿੱਲ ਵਲੋਂ ਸੁਖਬੀਰ ਸਿੰਘ ਬਾਦਲ ਪ੍ਰਤੀ ਬੋਲੀਆਂ ਗਈਆਂ ਸਤਰਾਂ-

ਭੁੱਲਿਆ ਚਾਦਰ ਮੈਲ਼ੀ
ਸਾਬਣ ਥੋੜ੍ਹਾ
ਬੈਠ ਕਿਨਾਰੇ ਧੋਵੇਂ ਗਾ।
ਦਾਗ ਨਹੀਂ ਮਿਟਣੇ ਪਾਪਾਂ ਵਾਲ਼ੇ
ਧੋਵੇਂ ਗਾ ਤੇ ਰੋਵੇਂ ਗਾ !

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਆੜ੍ਹਾ ਅੰਬ ਤੋਂ ਬਿਨਾਂ ਭਲਾਂ ਹੋਰ ਵੀ ਕੁੱਝ ਹੁੰਦਾ ਐ ! (2)



ਇੱਕ ਦੂਜੇ ਦੇ ਬਰਾਬਰ, ਸਮਾਨ ਜਾਂ ਇਕੋ ਜਿਹੇ ਅਰਥ ਰੱਖਣ ਵਾਲ਼ੇ ਸ਼ਬਦਾਂ ਨੂੰ ਸਮਾਨਾਰਥਕ ਸ਼ਬਦ ਕਿਹਾ ਜਾਂਦਾ ਹੈ ਭਾਸ਼ਾ ਵਿਗਿਆਨੀਆਂ ਦੇ ਅਨੁਸਾਰ ਭਾਸ਼ਾ ਵਿਗਿਆਨ ਦੇ ਨਿਯਮ ਕਹਿੰਦੇ ਹਨ ਕਿ ਕੋਈ ਸ਼ਬਦ ਕਿਸੇ ਹੋਰ ਸ਼ਬਦ ਦਾ ਬਹੁਤੀ ਵਾਰੀ ਪੂਰਾ ਪੂਰਾ ਸਮਾਨ ਅਰਥਕ ਨਹੀਂ ਹੁੰਦਾ ਪਰ ਫਿਰ ਵੀ ਅਸੀਂ ਬੋਲ ਚਾਲ ਤੇ ਲਿਖਤ ਵਿੱਚ ਅਜਿਹੇ ਸ਼ਬਦਾਂ ਦੀ ਹੋਂਦ ਨੂੰ ਮੰਨ ਲੈਂਦੇ ਹਾਂ। ਅਜਿਹੇ ਸ਼ਬਦ ਵਰਤੋ ਸਮੇਂ ਕਦੇ ਇੱਕ ਦੂਜੇ ਦੇ ਪੂਰੇ ਸਮਾਨ ਅਰਥ ਤੇ ਕਦੇ ਨੇੜੇ ਦੇ ਸਮਾਨ ਅਰਥ ਪ੍ਰਤੀਤ ਹੁੰਦੇ ਹਨ। ਸਾਨੂੰ ਆਪਣੇ ਸ਼ਬਦ ਭੰਡਾਰ ਨੂੰ ਵਧਾਉਣ ਲਈ ਅਜਿਹੇ ਸ਼ਬਦਾਂ ਦੀ ਵੱਧ ਤੋਂ ਵੱਧ ਜਾਣਕਾਰੀ ਹੋਣੀ ਚਾਹੀਦੀ ਹੈ। ਆਓ ਆਪਾਂ ਅਜਿਹੇ ਸ਼ਬਦਾਂ ਦੀ ਸਾਂਝ ਪਾਈਏ। ਅਜਿਹੇ ਸ਼ਬਦਾਂ ਦੀ ਵਰਤੋਂ ਪ੍ਰਸੰਗ ਅਨੁਸਾਰ ਧਿਆਨ ਨਾਲ਼ ਕਰਨੀ ਚਾਹੀਦੀ ਹੈ ਕਿਉਂਕਿ ਇਹਨਾਂ ਦੇ ਅਰਥ ਤਾਂ ਭਾਵੇਂ ਇੱਕੋ ਜਿਹੇ ਲੱਗਦੇ ਹਨ ਪਰ ਇਹ ਵੱਖ ਵੱਖ ਸੰਦਰਭ ਵਿੱਚ ਵੱਖ ਵੱਖ ਵਾਕਾਂ ਵਿੱਚ ਵੱਖ ਵੱਖ ਤਰੀਕੇ ਨਾਲ਼ ਵਰਤੇ ਜਾਂਦੇ ਹਨ। ਇਸ ਅੰਕ ਵਿੱਚ ੳ ਨਾਲ ਸਬੰਧਿਤ ਸ਼ਬਦਾਂ ਬਾਰੇ ਜਾਨਣ ਦੀ ਕੋਸਿਸ਼ ਕਰਦੇ ਹਾਂ

- ਜਗਤਾਰ ਸਿੰਘ ਸੋਖੀ 91 9417166386

### ਅ

**ਅਮਲਦਾਰ** : ਹਾਕਮ, ਕਰਿੰਦਾ, ਤਹਿਸੀਲਦਾਰ, ਮੁਹੱਸਿਲ।
**ਅਮਲਤਰਾਜ਼** : ਆਪਣੇ ਜ਼ਿੰਮੇ ਲੈਣ ਵਾਲ਼ਾ ਕੰਮ।
**ਅਮਲਨ** : ਹਕੀਕਤ ਵਿੱਚ, ਯਥਾਰਥ ਵਿੱਚ।
**ਅਮਲਾ** : ਅਹਿਲਕਾਰ, ਸਟਾਫ਼, ਕਚਹਿਰੀ ਦੇ ਲੋਕ, ਕਰਮਚਾਰੀ, ਕਾਰਕੁੰਨ।
**ਅਮਲਾਕ** : ਜ਼ਮੀਨ, ਜਾਇਦਾਦ।
ਅਮਲਾਕ-ਏ-ਗ਼ੈਰਮਨਕੂਲਾ : ਅਚੱਲ ਜਾਇਦਾਦ।
**ਅਮਾਨ** : ਹਿਫ਼ਾਜਤ, ਪਨਾਹ।
**ਅਮਾਨਤਦਾਰ** : ਅਮਾਨਤ ਰੱਖਣ ਵਾਲ਼ਾ, ਅਮੀਨ, ਖ਼ਜ਼ਾਨਚੀ।
**ਅਮਾਮਾ** : ਦਸਤਾਰ, ਪੱਗ।
**ਅਮੀਮ** : ਸਾਰਿਆਂ ਤੇ ਹਾਵੀ।
**ਅਮੂਦਨ** : ਸਿੱਧੇ ਰੂਪ ਵਿੱਚ।
**ਅਮੂਮਨ** : ਆਮ ਤੌਰ ਤੇ।
**ਅਯਾਂ** : ਖੁੱਲਿਆ ਹੋਇਆ, ਝਲਕਣਾ।
**ਅਯਾ.ਗ** : ਸ਼ਰਾਬ ਦਾ ਪਿਆਲਾ, ਸਾਗਰ।
**ਅਯਾੱਰ** : ਹੁਸ਼ਿਆਰ, ਚਲਾਕ, ਚਾਲਬਾਜ਼, ਠੱਗ, ਧੋਖੇਬਾਜ਼, ਫ਼ਰੇਬੀ, ਮੱਕਾਰ।
ਅਯਾਂ : ਸਪਸ਼ਟ, ਪ੍ਰਗਟ।
**ਅਰਸ਼** : ਅੱਧਾ ਗਜ਼, ਅਸਮਾਨ।
**ਅਰਸ-ਏ-ਦਰਾਜ਼** : ਬਹੁਤ ਮੁੱਦਤ, ਲੰਮਾ ਸਮਾਂ।
**ਅਰਸ-ਏ-ਜ਼ੀਸਤ** : ਉਮਰ, ਆਯੂ, ਜ਼ਿੰਦਗੀ, ਜੀਵਨ।
**ਅਰਸਾ** : ਜ਼ਮਾਨਾ, ਫ਼ਾਸਲਾ, ਵਕਫ਼ਾ।
**ਅਰਕਾਨ** : ਅਫ਼ਸਰ, ਸਹਾਰੇ, ਸਰਦਾਰ, ਹਕੂਮਤ ਚਲਾਉਣ ਵਾਲ਼ੇ ਲੋਕ, ਥੰਮੀਆਂ।
**ਅਰਜ਼** : ਕਦਰ, ਧਰਤੀ ਵਿਚਲੇ ਕੀੜੇ ਮਕੌੜੇ, ਮਾਣ, ਮਾਤਰਾ, ਮੁੱਲ।
ਅਰਜ਼-ਏ-ਨਿਯਾਜ਼ੇ-ਇਸ਼ਕ : ਆਸ਼ਕੀ ਦਾ ਦਾਅਵਾ ਕਰਨ ਵਾਲ਼ਾ।
**ਅਤਸ਼** : ਪਿਆਸ।
**ਅਰਜ਼-ਏ-ਗ਼ਮ** : ਦੁੱਖ ਦਾ ਪ੍ਰਦਰਸ਼ਨ।
**ਅਰਜ਼ ਅਰਸਾਲ** : ਮਾਮਲਾ ਜਮ੍ਹਾ ਕਰਾਉਣ ਦੀ ਅਰਜ਼ੀ।
**ਅਰਜ਼ ਕੁਨਿੰਦਾ** : ਬੇਨਤੀ ਕਰਨ ਵਾਲ਼ਾ।
**ਅਰਜ਼ਨੀ** : ਸਸਤਾਪਨ।
**ਅਰਜ਼ਾ** : ਸੁਸਤੀ।
**ਅਰਜ਼ਾਂ** : ਸਸਤਾ, ਸਵੱਲਾ, ਕੌਡੀਆਂ ਦੇ ਭਾਅ।
ਅਰਜ਼ੀ ਨਵੀਸ : ਅਰਜ਼ੀ ਲਿਖਣ ਵਾਲ਼ਾ।
**ਅਰਦਲੀ** : ਅਫ਼ਸਰ ਦੇ ਨਾਲ਼ ਰਹਿਣ ਵਾਲ਼ਾ ਸਿਪਾਹੀ, ਸੂਚਨਾ ਲਿਆਉਣ ਵਾਲ਼ਾ ਜਾਂ ਲਿਜਾਣ ਵਾਲ਼ਾ ਹਰਕਾਰਾ।
**ਅਰਬਦਾ** : ਸ਼ਰਾਰਤ, ਝਗੜਾ, ਬਦਖੋਈ, ਲੜਾਈ, ਵੈਰ-ਵਿਰੋਧ।
**ਅਰਾਇਜ਼** : ਅਰਜ਼ੀਆਂ, ਚਿੱਠੀਆਂ, ਦਰਖ਼ਾਸਤਾਂ।
**ਅਰਾਜ਼ੀ** : ਵਾਹੀ ਬੀਜੀ ਜ਼ਮੀਨ ਦਾ ਖੇਤਰ।
**ਅਰਾਜ਼ੀ ਉਫ਼ਤਾਦਾ** : ਅਣਵਾਹੀ ਭੋਇੰ, ਬੰਜਰ, ਰੱਕੜ।
**ਅਰਾਜ਼ੀ-ਏ-ਸਕਨੀ** : ਉਹ ਧਰਤੀ ਜਿਸ ਤੇ ਮਕਾਨ ਬਣਾਏ ਜਾਣ।
ਅਰਾਜ਼ੀ-ਏ-ਸ਼ਾਮਿਲਾਤ : ਸ਼ਾਮਲਾਟ, ਪਿੰਡ ਦੀ ਸਾਂਝੀ ਭੋਇੰ।
**ਅਰਾਜ਼ੀ-ਏ-ਸ਼ੋਰ** : ਕੱਲਰ ਜਾਂ ਸ਼ੋਰੇ ਵਾਲ਼ੀ ਜ਼ਮੀਨ।
**ਅਰਾਜ਼ੀ-ਏ-ਖ਼ਾਲਸਾ** : ਸਰਕਾਰੀ ਜ਼ਮੀਨ, ਸ਼ਾਮਲਾਟ।
ਅਰਾਜ਼ੀ-ਏ ਦਰਿਆ ਬੁਰਦ : ਦਰਿਆ ਦੀ ਲਪੇਟ ਜਾਂ ਰੋੜ੍ਹ ਵਿੱਚ ਆਈ ਜ਼ਮੀਨ।
**ਅਰਾਜ਼ੀ-ਏ-ਨੌ-ਤਰੱਦਦ** : ਨਵੀਂ ਨਵੀਂ ਵਾਹੀ ਹੋਈ ਜ਼ਮੀਨ।
ਅਰਾਜ਼ੀ-ਏ-ਬੰਦੋਬਸਤੀ : ਬੰਦੋਬਸਤ ਵਿੱਚ ਆਈ ਜ਼ਮੀਨ।
**ਅਰਾਜ਼ੀ-ਏ-ਮੁਆਫ਼ੀ** : ਲਗਾਨ ਰਹਿਤ ਜ਼ਮੀਨ।
**ਅਰਾਜ਼ੀ-ਏ-ਵਕ਼ਫ਼** : ਕਿਸੇ ਭਲੇ ਕੰਮ ਲਈ ਦਿੱਤੀ ਹੋਈ ਜ਼ਮੀਨ।
**ਅਰੀਜ਼ਾ-ਏ-ਨਯਾਜ਼** : ਨਿਮਰਤਾ ਸਹਿਤ ਲਿਖੀ ਦਰਖ਼ਾਸਤ।



**ਅਲ-ਅਬਦ** : ਦਸਤਖ਼ਤ, ਦਾਸ, ਨਿਸ਼ਾਨੀ, ਬੰਦਾ।
**ਅਲ ਅਮਾਂ** : ਦਇਆ ਕਰੋ।
**ਅਲ ਸੇਟ** : ਦਗ਼ਾ, ਧੋਖਾ, ਫ਼ਰੇਬ, ਫੰਧਾ।
**ਅਲ ਹੱਕ** : ਸਹੀ, ਸੱਚ ਹੈ,ਹੱਕ ਹੈ, ਦਰੁਸਤ।
**ਅਲ ਹਾਸਿਲ** : ਅਖ਼ੀਰ, ਅੰਤ ਨੂੰ।
**ਅਲ.ਫਾਜ਼** : ਸ਼ਬਦ।
**ਅਲਬੱਤਾ** : ਜ਼ਰੂਰ, ਪਰ, ਬੇਸ਼ੱਕ, ਲੇਕਿਨ।
**ਅਲੰਬੜਾ** : ਲਾਂਬੂ।
**ਅਲਮ** : ਝੰਡਾ।
**ਅਲਮ ਬਰਦਾਰ** : ਅੱਗੇ-ਅੱਗੇ ਝੰਡਾ ਚੁੱਕ ਕੇ ਤੁਰਨ ਵਾਲ਼ਾ, ਨੇਤਾ, ਲੰਬੜਦਾਰ।
**ਅਲਮ ਰੁਬਾ** : ਸ਼ੋਕ ਨੂੰ ਖ਼ਤਮ ਕਰਨ ਵਾਲ਼ਾ।
**ਅਲਵਿਦਾ** : ਰੁਖ਼ਸਤ, ਵਿਦਾਇਗੀ।
**ਅਲਾਕਾ** : ਅਹੁਦਾ, ਸੰਬੰਧ, ਸਰਹੱਦ, ਜਾਇਦਾਦ, ਦੋਸਤੀ, ਨੌਕਰੀ, ਰਾਬਤਾ, ਲਗਾ।
**ਅਲਾਮਾਤ** : ਚਿੰਨ੍ਹ, ਨਿਸ਼ਾਨੀਆਂ।
**ਅਲਿ.ਫ** : ਅਰਬੀ ਅਤੇ ਫ਼ਾਰਸੀ ਵਰਨਮਾਲਾ ਦਾ ਪਹਿਲਾ ਅੱਖਰ।
**ਅਲੀਮ** : ਵਾਕ਼ਫ਼, ਵਿਦਵਾਨ।
**ਅਲੀਲ** : ਦੁਖੀ, ਬਿਮਾਰ, ਰੋਗੀ।
**ਅਲੈਹਿਦਗੀ** : ਜੁਦਾਈ, ਵਿਛੋੜਾ।
**ਅਵਲੋ ਖ਼ਿਰਦ** : ਵਾਧਾ।
**ਅਵਾਨ** : ਅਧੇੜ ਉਮਰ ਦੀ ਇਸਤਰੀ, ਘਰ ਦੀ ਮਾਲਕਣ।
**ਅਵਾਮ** : ਆਦਮੀ, ਆਮ ਲੋਕ, ਜਨਤਾ, ਪਰਜਾ, ਰਿਆਇਆ।
ਅਵਾਰਾਸ਼ਬੀ : ਭਟਕਣਾ।
**ਆਇੰਦਾ** : ਅੱਗੇ ਨੂੰ, ਆਉਣ ਵਾਲ਼ਾ, ਫੇਰ ਕਦੇ।
**ਆਈਨ** : ਕਾਇਦਾ, ਕਾਨੂੰਨ, ਨਿਯਮ, ਰੀਤੀ ਰਿਵਾਜ਼, ਵਿਧਾਨ।
ਆਈਨ-ਏ-ਹਕੂਮਤ : ਹਕੂਮਤ ਕਰਨ ਦਾ ਕਾਨੂੰਨ, ਵਿਧਾਨ।
**ਆਈਨ-ਏ-ਮਾਲ** : ਮਾਲ ਕਨੂੰਨ, ਲਗਾਨ ਸੰਬੰਧੀ ਕਨੂੰਨ।
**ਆਈਨ-ਏ-ਫ਼ੌਜਦਾਰੀ** : ਫ਼ੌਜਦਾਰੀ ਕਨੂੰਨ।
ਆਸਤਾਂ : ਚੌਖਟ ਜਾਂ ਦਹਿਲੀਜ਼।
**ਆਸ਼ਨਾ** : ਜਾਣਿਆ ਪਹਿਚਾਣਿਆ, ਪਹਿਚਾਣੀ ਹੋਈ।
**ਆਸ਼ਨਾ-ਏ-ਗ਼ਮ** : ਦਰਦ ਜਾਂ ਦੁੱਖ ਨੂੰ ਸਮਝਣਾ।
**ਆਸ਼ਨਾਈ** : ਜਾਣ-ਪਹਿਚਾਣ।
**ਆਸ਼ਿਯਾਂ** : ਆਲ੍ਹਣਾ।
**ਆਸੀ** : ਅਪਰਾਧੀ, ਗੁਨਾਹਗਾਰ, ਪਾਪੀ, ਦੋਸ਼ੀ, ਮੁਜਰਿਮ।
**ਆਹਦ** : ਰੱਬ।
ਆਹਨੀ : ਲੋਹੇ ਦੇ ਬਣੇ ਹੋਏ।
**ਆਹਲਾ** : ਉੱਚ ਪੱਧਰ ਦਾ, ਵੱਡਾ।
**ਆਹੂ** : ਚੁੰਗੀਆਂ ਭਰਨਾ।
**ਆਕਨਾਮਾ** : ਉਹ ਲਿਖਤ ਜਿਸ ਰਾਹੀਂ ਜਾਇਦਾਦ ਵਿੱਚੋਂ ਪੁੱਤਰ ਨੂੰ ਵਾਂਝਾ ਕੀਤਾ ਜਾਵੇ, ਬੇਦਖ਼ਲੀ ਦੀ ਲਿਖਤ।
**ਆਕਬਾਤ** : ਅੱਗਾ, ਪਰਲੋਕ।
**ਆਖ਼** : ਸ਼ਾਬਾਸ਼, ਵਾਹ ਵਾਹ।
**ਆਖ਼ਿਰੀਨ** : ਅੰਤਲਾ।
**ਆ.ਗਾ** : ਸਰਦਾਰ, ਮਾਲਕ।
**ਆਗਾਜ਼** : ਅਰੰਭ, ਸ਼ੁਰੂਆਤ, ਪਹਿਲ।
**ਆਜ਼ਾਦਾਨਾ** : ਖੁੱਲ੍ਹਮ-ਖੁੱਲ੍ਹਾ, ਨਿਧੜਕ।
**ਆਜ਼ਿਸ਼** : ਮਜਬੂਰ, ਲਾਚਾਰ।
**ਆਜਿਜ਼** : ਕਮਜ਼ੋਰ, ਗ਼ਰੀਬ, ਬੇਆਸ, ਬੇਵੱਸ, ਨਿਮਰ, ਮਜ਼ਬੂਰ, ਲਾਚਾਰ।
**ਆਜਿਜ਼ੀ** : ਨਿਮਰਤਾ।
**ਆਜ਼ਿਰ** : ਉਜ਼ਰ ਕਰਨ ਵਾਲ਼ਾ, ਬਹਾਨੇਬਾਜ਼।
**ਆਜਿਲ** : ਕਾਹਲ਼ਾ, ਜ਼ਲਦਬਾਜ਼।
ਆਢਾ ਲਾਉਣਾ : ਲੜਾਈ ਕਰਨੀ।
**ਆਤਿਸ਼** : ਅੱਗ।
**ਆਤਿਸ਼ -ਬ- ਜਾਂ** : ਜੀਹਦੇ ਦਿਲ ਵਿੱਚ ਅੱਗ ਲੱਗੀ ਹੋਵੇ।
**ਆਤਿਸ਼ਕਦੇ** : ਅਗਨੀ ਕੁੰਡ।
**ਆਤਿਸ਼ਫ਼ਿਸ਼ਾਂ** : ਜਵਾਲਾਮੁੱਖੀ।
**ਆਤਿ.ਫਤ** : ਕਿਰਪਾ, ਦਇਆ, ਮਿਹਰਬਾਨੀ।
**ਆਦਤਨ** : ਆਦਤ ਵਜੋਂ।
**ਆਦਾਬ** : ਕਾਇਦਾ, ਤਮੀਜ਼, ਤਹਿਜ਼ੀਬ, ਦਸਤੂਰ।
**ਆਦਿਲ** : ਇਨਸਾਫ਼ ਕਰਨ ਵਾਲ਼ਾ।
**ਆ.ਫਤਾਬ** : ਸੂਰਜ
**ਆਬ** : ਅਰਕ, ਹੰਝੂ, ਖ਼ੂਬੀ, ਪਾਣੀ।
**ਆਬਸਾਲ** : ਬਗ਼ੀਚੀ, ਬਾ.ਗ।
**ਆਬਕਾਰ** : ਸ਼ਰਾਬ ਦਾ ਵਪਾਰੀ, ਕਲਾਲ, ਨਸ਼ੇ ਦਾ ਧੰਦਾ ਕਰਨ ਵਾਲ਼ਾ।
**ਆਬ-ਪਾਸ਼** : ਸਿੰਚਤ, ਸੇਂਜੂ, ਬਹਿਸ਼ਤੀ, ਮਾਸ਼ਕੀ।
**ਆਬਜੂ** : ਸੂਆ, ਚਸ਼ਮਾ, ਨਹਿਰ, ਨਾਲਾ।
**ਆਬਬਾਜ਼** : ਤਾਰੂ, ਤੈਰਾਕ।
**ਆਬਰੂ** : ਇੱਜ਼ਤ।
**ਆਬਰੂ ਰੇਜ਼** : ਪੱਤ ਲਾਹੁਣ ਵਾਲ਼ਾ।
**ਆਬਲਾ** : ਛਾਲਾ।
**ਆਂਬੜ ਘੁੱਟੀ** : ਜੰਮਣ ਘੁੱਟੀ।
**ਆਬਾਈ** : ਜੱਦੀ।
**ਆਬਾਈ ਵਤਨ** : ਪਿਓ ਦਾਦੇ ਦਾ ਦੇਸ਼, ਮਾਤਰ ਭੂਮੀ।
**ਆਬਾਦ** : ਹਰਿਆ-ਭਰਿਆ,ਵਸਦਾ-ਰਸਦਾ।
**ਆਬਾਦਕਾਰ** : ਵਸਾਉਣ ਵਾਲ਼ਾ, ਵਾਹੀਕਾਰ।
**ਆਬਾਦਕਾਰੀ** : ਨਵਾਂ ਥਾਂ ਵਸਾਉਣ ਦਾ ਕਾਰਜ।
**ਆਬਿਦ** : ਇਬਾਦਤ ਕਰਨ ਵਾਲ਼ਾ, ਭਗਤ, ਰੱਬ ਦਾ ਸੇਵਕ।
**ਆਬਿਯਾਨਾ** : ਉਹ ਰਕਮ ਜੋ ਮਹਿਕਮਾ ਨਹਿਰ ਖੇਤਾਂ ਦੇ ਵਿੱਚ ਪਾਣੀ ਦੇਣ ਦੇ ਬਦਲੇ ਵਸੂਲ ਕਰਦਾ ਹੈ।
**ਆਬੀ** : ਸੇਮ ਵਾਲੀ, ਨਹਿਰੀ।
**ਆਬੇ-ਰਵਾਂ** : ਵਗਦਾ ਪਾਣੀ (ਨਦੀਆਂ)।
**ਆਬੋ-ਗਿਲ** : ਪਾਣੀ ਅਤੇ ਮਿੱਟੀ।
**ਆਮ-ਉ ਰਫ਼ਤ** : ਆਉਣਾ ਜਾਣਾ, ਮੇਲ ਮਿਲਾਪ।
**ਆਮਦ** : ਆਗਮਨ।
**ਆਮਦ-ਉ-ਖ਼ਰਚ** : ਆਮਦਨ ਅਤੇ ਖ਼ਰਚ।
**ਆਮਾਦਾ** : ਤਿਆਰ, ਰਜ਼ਾਮੰਦ, ਰਾਜ਼ੀ।
**ਆਮਿਰ** : ਆਬਾਦ।
**ਆਰਜ਼ੀ** : ਅਸਥਾਈ, ਕੁੱਝ ਸਮੇਂ ਲਈ, ਹੰਗਾਮੀ, ਥੋੜ੍ਹ-ਚਿਰੀ, ਵਕਤੀ।
**ਆਰਿਜ਼** : ਪਲਕਾਂ।
**ਆਰਿ.ਫ** : ਸਬਰ ਕਰਨ ਵਾਲ਼ਾ, ਪਛਾਣਨ ਵਾਲ਼ਾ, ਰੱਬ ਨੂੰ ਸਮਝਣ ਵਾਲ਼ਾ, ਰੂਹਾਨੀ ਭੇਦਾਂ ਦਾ ਜਾਣੂੰ।
**ਆਰੀ** : ਰਹਿਤ।
**ਆਰੀਯਤ** : ਉਧਾਰ, ਕੁੱਝ ਸਮੇਂ ਲਈ ਮੰਗੀ ਚੀਜ਼, ਕਰਜ਼।
**ਆਲਮ** : ਜ਼ਮਾਨਾ।
**ਆਲਮ ਪਨਾਹ** : ਜੋ ਦੂਜਿਆਂ ਨੂੰ ਸ਼ਰਨ ਦੇਵੇ, ਬਾਦਸ਼ਾਹ।
**ਆਲਿਮ** : ਜਾਨਣ ਵਾਲ਼ਾ, ਵਿਦਵਾਨ।
ਆਲਮੀ ਸ਼ੋਹਰਤ ਯਾਫ਼ਤਾ : ਸੰਸਾਰ ਪ੍ਰਸਿੱਧ।
**ਆਲੂਦ** : ਚਿੱਕੜ।
**ਐਸ਼-ਉ-ਇਸ਼ਰਤ** : ਅਯਾਸ਼ੀ, ਸੁੱਖ ਅਰਾਮ, ਮਜ਼ਾ, ਮੌਜ-ਮੇਲਾ।
**ਐਹਲੇ-ਮਨਸਬ** : ਅਹੁਦੇਦਾਰ, ਉੱਚ ਅਧਿਕਾਰੀ।
**ਐਹਲੇ-ਮੁਆਸ਼** : ਚੰਗੇ ਕਿੱਤੇ ਵਾਲ਼ਾ।
**ਐਨ** : ਅੱਖ, ਸਕਾ ਭਰਾ, ਸੂਰਜ, ਸ਼ਖ਼ਸ, ਸੋਨਾ, ਹਕੀਕਤ, ਹੂ-ਬ-ਹੂ, ਪਾਣੀ ਦਾ ਸੋਮਾ, ਮਾਲ।
**ਐਨੀ ਸ਼ਹਾਦਤ** : ਅੱਖੀਂ ਦੇਖੀ ਗਵਾਹੀ, ਚਸ਼ਮਦੀਦ ਗਵਾਹੀ।
**ਔਕਾਤ** : ਹੈਸੀਅਤ, ਵਕਤ ਦਾ ਬਹੁਵਚਨ।
**ਔਕਾਤ ਗੁਜ਼ਾਰੀ** : ਪੈਨਸ਼ਨ, ਵਕਤ ਗੁਜ਼ਾਰਨਾ, ਵਜ਼ੀਫ਼ਾ।
**ਔਕਾ.ਫ** : ਵਕ.ਫ ਦਾ ਬਹੁਵਚਨ।
**ਔਬਾਸ਼** : ਇਕੱਠ, ਗੁੰਡੇ, ਜਨ ਸਧਾਰਨ, ਭੀੜ, ਲੁੱਚੇ ਲੰਡੇ।
**ਔਬਾਸ਼ੀ** : ਗੁੰਡਾਗਰਦੀ, ਬਦਮਾਸ਼ੀ।
ਔਰਾਕੇ ਪਰੇਸ਼ਾਂ : ਖਿੱਲਰੇ ਪੰਨੇ।
**ਅੰਕਤ** : ਦਰਜ
**ਅੰਗਿਸ਼ਤ** : ਅੰਗਿਆਰ।
**ਅੰਜਾਮ** : ਅੰਤ, ਸਿੱਟਾ, ਨਤੀਜਾ।
**ਅੰਜਾਮ-ਏ-ਸਫ਼ਰ** : ਸਫ਼ਰ ਦਾ ਅੰਤ।
**ਅੰਜਾਮਕਾਰ** : ਅਖ਼ੀਰ ਨੂੰ, ਅੰਤ ਨੂੰ, ਆਖ਼ਿਰਕਾਰ, ਫ਼ਲਸਰੂਪ।
**ਅੰਜੁਮਨ** : ਮਹਿਫ਼ਲ।
**ਅੰਦਰਜ਼** : ਵਸੀਅਤ।
**ਅੰਦਾਜ਼** : ਤਰਜ਼, ਤਰੀਕਾ, ਤੌਰ, ਨਖ਼ਰਾ।
**ਅੰਦਾਜ਼ੇ ਸੁਖ਼ਨ** : ਗ਼ਜ਼ਲ ਬੋਲਣ ਜਾਂ ਕਹਿਣ ਦਾ ਢੰਗ।
**ਅੰਦਾਜੇ ਬਯਾਂ** : ਕਹਿਣ ਦਾ ਢੰਗ।
**ਅੰਦੇਸ਼** : ਸੋਚ।
**ਅੰਦੇਸ਼ਾ** : ਫ਼ਿਕਰ।
**ਅੰਦੇਸ਼ਾ-ਏ-ਜਿਯਾਂ** : ਹਾਨੀ ਦਾ ਡਰ।
**ਅੰਦੋਹ** : ਕਸ਼ਟ, ਗ਼ਮ, ਦੁੱਖ।
**ਅੰਦੋਖਤਾ** : ਖ਼ਜ਼ਾਨਾ, ਜਮ੍ਹਾਂ ਕੀਤਾ ਹੋਇਆ ਮਾਲ।


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


ਇਮੀਗ੍ਰੇਸ਼ਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa • Start-up Visa
• Visitor Visa • Citizenship Application
• LMIA, PNP • PR Card Renewal
• Express Entry
R2 Immigration Services Inc.
Rahul Sharma 403-439-0007
RCIC 403-434-5555
info@r2immi.ca
4310 104 Ave NE #3266 Unit 2 Calgary AB T3J 1W5


Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166


Punjab Land Documents Writer (Regd.)
ਸਿਵਲ ਕੋਰਟਸ ਵਿੱਚ 35 ਸਾਲ ਕੀਤੇ ਕੰਮਾਂ ਦੇ ਤਜ਼ਰਬੇਕਾਰ
ਇੰਡੀਆ ਦੀਆਂ ਜ਼ਮੀਨਾਂ (PROPERTIES) ਦੇ ਡਾਕੂਮੈਂਟਸ/ ਵਸੀਕੇ ਤਸੱਲੀ ਬਖ਼ਸ਼ ਲਿਖੇ ਅਤੇ ਤਸਦੀਕ ਕੀਤੇ ਜਾਂਦੇ ਹਨ।
1.ਮੁਖ਼ਤਿਆਰਨਾਮੇ/Power of Attorney, ਵਸੀਅਤ/Will, ਪ੍ਰਾਪਟੀ ਟਰਾਂਸਫਰ, ਕੇਸ ਪੈਰਵੀਂ, ਤਕਸੀਮ-ਵੰਡ, ਬੈਂਕ ਲਿਮਟਾਂ, Affidavit, ਇੱਕਰਾਰਨਾਮੇ ਅਤੇ ਹਰ ਤਰ੍ਹਾਂ ਦੀਆਂ ਰਜਿਸਟਰੀਆਂ ਦੇ ਕੰਮ।
2.ਫਰਦਾਂ, ਨਕਲਾਂ, ਇੰਤਕਾਲ ਨਾਮ, ਮੋਟਰ ਕੁਨੈਕਸ਼ਨ, ਮੈਰਿਜ ਸਰਟੀਫਕੇਟ ਆਦਿ।
3.ਅਦਾਲਤੀ/ Court ਦੇ ਕੰਮਾਂ (ਕੇਸਾਂ ਬਾਰੇ) ਸਲਾਹ, ਜਾਣਕਾਰੀ।
ਕੈਨੇਡਾ ਬੈਠੇ ਇੰਡੀਆਂ ਦੀਆਂ ਪ੍ਰਾਪਟੀਜ਼ ਦੇ ਸਾਰੇ ਕੰਮ ਕਰਵਾ ਸਕਦੇ ਹੋ।
AVTAR SINGH TOOR Office: 587- 581- 1313
DOCUMENTS WRITER & ATTESTATION
Unit # 2210, 4715, 88 AVE NE. CALGARY


COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਬਹੁਪੱਖੀ ਪ੍ਰਤਿਭਾ ਦਾ ਸੁਮੇਲ ਮੋਹਣੀ ਤੂਰ



ਕਾਲਾ ਸਿੰਘ ਸੈਣੀ
(99882-80386)



ਪੁਆਧੀ ਬੋਲੀ ਦਾ ਮਾਣ ਮੋਹਣੀ ਤੂਰ ਨੂੰ ਅਦਾਕਾਰਾ ਮੋਹਣੀ ਤੂਰ ਨੂੰ ਐਕਟਿੰਗ ਦਾ ਸ਼ੌਕ ਸਕੂਲ ਟਾਈਮ ਤੋਂ ਹੀ ਸੀ। ਸਰਕਾਰੀ ਕਾਲਜ ਮੋਹਾਲੀ ਦੀ ਪੜ੍ਹਾਈ ਦੌਰਾਨ ਥੀਏਟਰ ਦੇ ਬਾਬਾ ਬੋਹੜ ਭਾਅ ਜੀ ਗੁਰਸ਼ਰਨ ਸਿੰਘ ਨਾਲ ਹੋਈ ਮੁਲਾਕਾਤ ਜਾਨਦਾਰ ਪਛਾਣ ਦਾ ਸਬੱਬ ਬਣੀ। ਗੁਰਸ਼ਰਨ ਭਾਜੀ ਦੇ ਨਿਰਦੇਸ਼ਨਾਂ ਹੇਠ ਰੰਗ ਮੰਚ ਨਾਲ ਜੁੜਕੇ ਮੋਹਣੀ ਤੂਰ ਨੇ ਲਗਭਗ 13,14 ਸਾਲ ਦੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਤੋਂ ਹੁੰਦੇ ਹੋਏ ਬਾਹਰਲੇ ਸ਼ਹਿਰਾਂ 'ਚ ਅਨੇਕਾਂ ਹੀ ਸਫਲ ਸ਼ੋਅ ਕਰਦਿਆਂ ਕਲਾ ਦੀਆਂ ਬਰੀਕੀਆਂ ਨੂੰ ਸਿੱਖਣ ਦਾ ਮੌਕਾ ਮਿਲਿਆ। ਛੋਟੇ ਪਰਦੇ ਤੋਂ ਗੁਰਚੇਤ ਚਿੱਤਰਕਾਰ ਦੀਆਂ ਟੈਲੀ ਫਿਲਮ ਕਰਕੇ ਮੋਹਣੀ ਤੂਰ ਨੇ ਵੱਡੇ ਪਰਦੇ 'ਤੇ ਨਿਰਦੇਸ਼ਕ ਅੰਮ੍ਰਿਤ ਰਾਜ ਚੱਢਾ ਕੁਲਵਿੰਦਰ ਬਿੱਲਾ ਅਤੇ ਮੈਂਡੀ ਤੱਖੜ ਨਾਲ ਪੰਜਾਬੀ ਫਿਲਮ 'ਟੈਲੀਵੀਜ਼ਨ' ਨਾਲ ਪੰਜਾਬੀ ਸਿਨੇਮੇ ਰਾਹੀ ਵੱਡੇ ਪਰਦੇ 'ਤੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਫਿਰ ਅੱਗੇ ਵਧਕੇ ਪੰਜਾਬੀ ਫਿਲਮਾਂ 'ਲੱਡੂ ਬਰਫ਼ੀ','ਨਾਨਕਾ ਮੇਲ','ਸੁਰਖੀ ਬਿੰਦੀ','ਸੁਪਨਾ','ਪੁਆੜਾ','ਸ਼ੌਂਕਣ ਸ਼ੌਂਕਣੇ','ਸਹੁਰਿਆਂ ਦਾ ਪਿੰਡ ਆ ਗਿਆ',ਆਦਿ ਤੋਂ ਇਲਾਵਾ ਹਾਲ ਹੀ 'ਚ ਰਿਲੀਜ਼ ਹੋਈ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਦੀ ਹਿੱਟ ਫਿਲਮ ਪੰਜਾਬੀ ਫਿਲਮ 'ਜੱਟ ਐਂਡ ਜੂਲੀਅਟ-2', 'ਚ ਉਸ ਨੇ ਫਿਲਮ 'ਚ ਦਿਲਜੀਤ ਦੋਸਾਂਝ ਦੀ ਮਾਤਾ ਦੇ ਨਿਭਾਏ ਕਿਰਦਾਰ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੀ ਹੈ।

ਆਪਣੀ ਬੇਹਤਰੀਨ ਅਦਾਕਾਰੀ ਨਾਲ ਲੋਕਾਂ ਦਾ ਦਿਲ ਜਿੱਤ ਰਹੀ ਮੋਹਣੀ ਤੂਰ ਨੇ ਗਾਇਕੀ ਅਤੇ ਗੀਤਕਾਰੀ ਵੀ 'ਚ ਉਸ ਨੇ ਚੰਗਾ ਗਾਉਣ ਤੇ ਚੰਗਾ ਸੁਣਨ ਨੂੰ ਹੀ ਤਰਜ਼ੀਹ ਦਿੱਤੀ ਹੈ। ਬਤੌਰ ਗਾਇਕਾ ਮੋਹਣੀ ਤੂਰ ਨੇ ਸਿਮਰਨ ਧਾਦਲੀ ਨਾਲ ਆਪਣਾ ਲਿਖਿਆ ਗੀਤ 'ਬਾਂਤਾਂ ਪੁਆਧ ਕੀਆਂ' ਆਦਿ ਤੋਂ ਇਲਾਵਾ ਗੀਤਕਾਰੀ ਦੇ ਖੇਤਰ 'ਚ ਉਸ ਦੇ ਲਿਖੇ ਹਿੱਟ ਰਿਕਾਰਡ ਗੀਤ ਦੋਗਾਣਾ ਜੋੜੀ ਭੁਪਿੰਦਰ ਗਿੱਲ ਮਿਸ ਨੀਲਮ ਨੇ 'ਸਾਧੂ ਨਾਲੋਂ ਮੁੰਦਰੀ ਮੈਨੂੰ ਹੌਲੀ ਪਾਈ ਨੀਂ', ਗਾਇਕ ਜੈਲੀ ਦਾ ਗੀਤ 'ਨੀਂ ਪਰਮਿੰਦਰ ਕੁਰੇ ਤੇਰੇ ਨਾਲ ਹੋਈ ਜਾਂਦਾ ਪਿਆਰ' ਨਾਲ ਗੀਤਕਾਰੀ 'ਚ ਵੱਖਰੀ ਪਛਾਣ ਬਣਾਈ ਹੈ। ਉਸ ਨੇ ਬਤੌਰ ਪਿੱਠਵਰਤੀ ਗਾਇਕਾ ਗੁਰਨਾਮ ਭੁੱਲਰ ਅਤੇ ਸੋਨਮ ਬਾਜਵਾ ਦੀ ਪੰਜਾਬੀ ਫਿਲਮ 'ਮੈਂ ਵਿਆਹ ਨੀਂ ਕਰਵਾਉਣਾ ਤੇਰੇ ਨਾਲ' 'ਚ ਇਕ ਗੀਤ 'ਵੇ ਮੈਨੂੰ ਹੱਸਦਾ ਦਿੱਸਦਾ ਰਹੀਂ ਭਾਵੇਂ ਜਾਂਈ ਹੋਰਾਂ ਵੇਹੜੇ', ਨਾਲ ਬਤੌਰ ਪਿੱਠਵਾਰਤੀ ਗਾਇਕਾ ਆਪਣੇ ਪ੍ਰਸ਼ੰਸਕਾਂ ਦਾ ਘੇਰਾ ਵਿਸ਼ਾਲ ਕੀਤਾ ਹੈ।

ਪੁਆਧੀ ਬੋਲੀ ਦਾ ਮਾਣ ਮੋਹਣੀ ਤੂਰ ਦੇ ਸਫ਼ਰ ਦੀਆਂ ਵਿਸ਼ੇਸ਼ ਪ੍ਰਾਪਤੀਆਂ ਵਾਲੀ ਕਿਤਾਬ ਦਾ ਇਕ-ਇਕ ਪੰਨਾ ਵੀ ਪੜ੍ਹਨ ਯੋਗ ਹੈ। ਮਾਤਾ ਰਣਧੀਰ ਕੌਰ ਅਤੇ ਪਿਤਾ ਸੁਖਦੇਵ ਸਿੰਘ ਦੀ ਲਾਡਲੀ ਧੀ ਮੋਹਣੀ ਤੂਰ ਦਾ ਜਨਮ ਉਸ ਦੇ ਨਾਨਕੇ ਪਿੰਡ ਕੋਟਾ ਰਾਜਸਥਾਨ ਵਿਖੇ ਹੋਇਆ। ਪਿਛਲੇ ਲੰਮੇਂ ਸਮੇਂ ਤੋਂ ਮੋਹਣੀ ਤੂਰ ਆਪਣੇ ਪਰਿਵਾਰ ਨਾਲ ਸ਼ਹਿਰ ਮੋਹਾਲੀ ਵਿਖੇ ਰਹਿ ਰਹੀ ਹੈ। ਸਕੂਲ,ਕਾਲਜ ਸਮੇਂ ਤੋਂ ਐਕਟਿੰਗ ਦੇ ਸ਼ੌਕ ਨੂੰ ਵਿਆਹ ਤੋਂ ਬਾਅਦ ਜੀਵਨ ਸਾਥੀ ਬਿਕਰਮਜੀਤ ਸਿੰਘ ਤੂਰ ਨੇ ਫਿੱਕਾ ਨਹੀਂ ਪੈਣ ਦਿੱਤਾ। ਪੜ੍ਹਾਈ ਤੋਂ ਲੈ ਕੇ ਕਲਾ ਦੇ ਖੇਤਰ 'ਚ ਉਸ ਦੀਆਂ ਵਿਸ਼ੇਸ਼ ਪ੍ਰਾਪਤੀਆਂ 'ਚ ਪੁਆਧ ਦੀ ਅਖਾੜਾ ਗਾਇਨ ਪ੍ਰੰਪਰਾ ਤੇ 200 ਪੰਨੇ ਦਾ ਥੀਸੀਸ ਲਿਖਿਆ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚੋਂ ਐਮ.ਫ਼ੀਲ ਦੀ ਡਿਗਰੀ 'ਚ ਗੋਲਡ ਮੈਡਲ ਝੋਲੀ ਪਵਾਈਆ,ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਕਵਿਤਾ ਉਚਾਰਨ,ਸਕਿਟ ਮੁਕਾਬਲਾ,ਜਿਲ੍ਹਾ ਰੋਪੜ ਤੋਂ ਲੋਕ ਗੀਤ ਮੁਕਾਬਲੇ,6-7 ਸਾਲ ਲਗਾਤਾਰ ਸਕੂਲ ਪੜ੍ਹਦੇ ਸਮੇਂ ਉੱਚੀ ਛਾਲ 'ਚ ਰੋਪੜ ਜਿਲ੍ਹੇ 'ਚ ਪਹਿਲਾ ਸਥਾਨ,ਗੌਰਮਿੰਟ ਕਾਲਜ ਮੋਹਾਲੀ ਦੀ ਗਿੱਧਾ ਟੀਮ ਦੀ ਤਿੰਨ ਸਾਲ ਕਪਤਾਨ ਵਰਗੀਆਂ ਤਮਾਮ ਪ੍ਰਾਪਤੀਆਂ ਪੰਜਾਬੀ ਮਾਂ-ਬੋਲੀ ਦੀ ਧੀ ਮੋਹਣੀ ਤੂਰ ਨੇ ਆਪਣਾ ਅਤੇ ਆਪਣੇ ਲਾਕੇ ਦਾ ਮਾਣ ਵਧਾਇਆ ਹੈ। ਪੁਆਧੀ ਬੋਲੀ ਦਾ ਮਾਣ ਮੋਹਣੀ ਤੂਰ ਨੇ ਹਮੇਸ਼ਾਂ ਹੀ ਫਿਲਮੀਂ ਪਰਦੇ 'ਤੇ ਵੱਖ-ਵੱਖ ਕਿਰਦਾਰਾਂ ਨਾਲ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਪੁਆਧੀ ਮੰਚ ਅਤੇ ਹੋਰ ਕਈ ਸਾਹਿਤ ਸਭਾਵਾਂ ਦੀ ਮੈਂਬਰ ਮੋਹਣੀ ਤੂਰ ਹਮੇਸ਼ਾਂ ਹੀ ਸਟੇਜ਼ਾਂ ਰਾਹੀ ਪੁਆਧੀ ਬੋਲੀ ਦੇ ਸੁੱਚੇ ਮੋਤੀਆਂ ਵਰਗੇ ਸ਼ਬਦਾਂ ਨਾਲ ਰੂ-ਬ-ਰੂ ਹੋਣ ਦਾ ਮਾਣ ਹਾਸਿਲ ਹੈ। ਅਦਾਕਾਰੀ ਦੇ ਨਾਲ-ਨਾਲ ਉਸ ਨੂੰ ਸਾਹਿਤ ਨਾਲ ਵੀ ਅੰਤਾਂ ਦਾ ਮੋਹ ਹੈ। ਮੋਹਣੀ ਤੂਰ ਦਾ ਕਹਿਣਾ ਹੈ ਕਿ ਸਾਹਿਤ, ਕੌਮ ਅਤੇ ਵਿਰਾਸਤ ਦੀ ਪਛਾਣ ਕਰਵਾਉਂਦਾ ਹੈ। ਮੋਹਣੀ ਤੂਰ ਬਤੌਰ ਕਲਮ ਵਾਹੁੰਦੀ ਹੋਈ ਸ਼ਾਬਦਿਕ ਚੇਤਨਾ ਦਾ ਵੀ ਪਸਾਰਾ ਕਰ ਰਹੀ ਹੈ।

# ਸ੍ਰੀ ਹਜ਼ੂਰ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪੰਜ ਤਖ਼ਤਾਂ ਦੀ ਧਾਰਮਿਕ ਰੇਲ ਯਾਤਰਾ




ਦਿਲਜੀਤ ਸਿੰਘ ਬੇਦੀ



ਧਾਰਮਿਕ ਯਾਤਰਾ ਕਈ ਵਾਰ ਮਨੁੱਖੀ ਜੀਵਨ ਵਿੱਚ ਵੱਡੇ ਬਦਲਾਵ ਲੈ ਕੇ ਆਉਂਦੀਆਂ ਹਨ। ਸ਼ਰਧਾ ਭਾਵਨਾ, ਸਤਿਕਾਰ ਨਾਲ ਕੀਤੀ ਯਾਤਰਾ ਤੇ ਅਰਦਾਸ ਗੁਰੂ ਮਹਾਰਾਜ ਅੰਗਸੰਗ ਹੋ ਕੇ ਅਸ਼ੀਸ ਬਖ਼ਸ਼ਦੇ ਹਨ। ਵੱਖ-ਵੱਖ ਸਟੇਸ਼ਨਾਂ 'ਤੇ ਗੁਰੂ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਯਾਤਰੂਆਂ ਦੇ ਸੁਆਗਤ ਲਈ ਹੁੰਮ ਹੁਮਾ ਕੇ ਪੁੱਜ ਰਹੀਆਂ ਹਨ ਅਤੇ ਸ਼ਰਧਾ ਭਾਵਨਾ ਨਾਲ ਯਾਤਰੂਆਂ ਦੀ ਸੇਵਾ ਲਈ ਉਮਡ ਰਹੀਆਂ ਹਨ। ਇਹ ਯਾਤਰਾ ਪੰਜਾਂ ਤਖ਼ਤਾਂ ਦੇ ਦਰਸ਼ਨ ਕਰਨ ਉਪਰੰਤ ਇਕ ਦਿਨ ਪੂਰਾ ਬੁੱਢਾ ਦਲ ਨਿਹੰਗ ਸਿੰਘਾਂ ਦੀ ਛਾਉਣੀ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਰੁਕੇਗੀ ਅਤੇ 3 ਸਤੰਬਰ ਦੀ ਰਾਤ ਨੂੰ ਕੀਰਤਨ ਦਰਬਾਰ ਹੋਵੇਗਾ। ਏਸੇ ਅਸਥਾਨ 'ਤੇ ਸ੍ਰੀ ਹਜ਼ੂਰ ਸਾਹਿਬ ਤੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਵਾਰੀ ਵਾਲੇ ਘੋੜਿਆਂ ਦੇ ਵੰਸ਼ਜ ਘੋੜੇ ਵੀ ਸੰਗਤਾਂ ਦੇ ਦਰਸ਼ਨਾਂ ਲਈ ਪੁੱਜ ਰਹੇ ਹਨ। ਇਹ ਤਿੰਨੇ ਦਿਨ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਠਹਿਰਨਗੇ ਜਿੱਥੇ ਸੰਗਤਾਂ ਖੁੱਲ੍ਹੇ ਰੂਪ ਵਿੱਚ ਦਰਸ਼ਨ ਕਰਨਗੀਆਂ। 4 ਸਤੰਬਰ ਨੂੰ ਸਮੁੱਚੀ ਸੰਗਤ ਵੱਲੋਂ ਹੱਲਾ ਬੋਲਿਆ ਜਾਵੇਗਾ ਅਤੇ ਉਪਰੰਤ ਰੇਲਵੇ ਸਟੇਸ਼ਨ ਨੂੰ ਵਾਪਸੀ ਲਈ ਚਾਲੇ ਪਾਏ ਜਾਣਗੇ।

ਗੁਰਦੁਆਰਾ ਸ਼ਹੀਦ ਬਾਬਾ ਭੁਜੰਗ ਸਿੰਘ ਜੀ ਚੈਰੀਟੇਬਲ ਟ੍ਰਸਟ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਵੱਲੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਤੋਂ ਪੰਜ ਤਖਤ ਸਾਹਿਬਾਨ ਅਤੇ ਹੋਰ ਇਤਿਹਾਸਿਕ ਗੁਰੂ ਧਾਮਾਂ ਦੀ ਸਪੈਸ਼ਲ ਧਾਰਮਿਕ ਯਾਤਰਾ ਮਿਤੀ 25 ਅਗਸਤ 2024 ਨੂੰ ਆਰੰਭ ਕੀਤੀ ਗਈ ਹੈ। ਤਖਤ ਸਾਹਿਬ ਵਿਖੇ ਸ੍ਰੀ ਅਖੰਡਪਾਠ ਸਾਹਿਬ ਜੀ ਦੀ ਸਮਾਪਤੀ ਉਪਰੰਤ ਯਾਤਰਾ ਸਫਲੀ ਦੀ ਅਰਦਾਸ ਕਰਦੇ ਹੋਏ ਹਜ਼ੂਰ ਸਾਹਿਬ ਨਾਂਦੇੜ ਰੇਲਵੇ ਸਟੇਸ਼ਨ ਤੋਂ ਪੰਜ ਪਿਆਰੇ ਸਾਹਿਬਾਨ, ਸਮੂੰਹ ਸੰਤ ਮਹਾਂਪੁਰਖਾਂ ਵੱਲੋਂ ਖਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਹੋਈ। ਇਸ ਯਾਤਰਾ ਦੇ ਸੰਯੋਜਕ ਸ. ਰਵਿੰਦਰ ਸਿੰਘ ਬੁੰਗਈ ਸਾਬਕਾ ਸਕੱਤਰ ਸੱਚਖੰਡ ਬੋਰਡ ਸ੍ਰੀ ਹਜ਼ੂਰ ਸਾਹਿਬ, ਸ. ਰਵਿੰਦਰ ਸਿੰਘ ਕਪੂਰ, ਭਾਈ ਤਨਵੀਰ ਸਿੰਘ, ਸ. ਇੰਦਰਪਾਲ ਸਿੰਘ ਰਿੱਕੀ ਹਨ। ਇਸ ਰੇਲ ਵਿੱਚ ਸਪੈਸ਼ਲ ਧਾਰਮਿਕ ਬੋਗੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ, ਨਿਸ਼ਾਨ ਸਾਹਿਬ, ਸਿੰਘ ਸਾਹਿਬ ਦੀ ਹਾਜ਼ਰੀ ਵਿੱਚ ਮਰਯਾਦਾ ਅਨੁਸਾਰ ਪੂਜਾ-ਪਾਠ, ਭਜਨ-ਕੀਰਤਨ ਹੁੰਦਾ ਹੈ। ਗੁਰੂ ਸਾਹਿਬ ਜੀ ਦੇ ਘੋੜੇ ਵੀ ਰੇਲ ਦੀ ਪਿਛਲੀ ਬੋਗੀ ਵਿੱਚ ਹਨ। ਇਹ ਰੇਲ ਯਾਤਰਾ ਮਿਤੀ 25 ਅਗਸਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਅਰੰਭ ਹੋ ਕੇ ਪੂਰਨਾ, ਪਰਭਨੀ, ਜਾਲਨਾ, ਔਰੰਗਾਬਾਦ, ਮਨਮਾੜ, ਜਲਗਾਂਵ, ਭੁਸਾਵਲ, ਖੰਡਵਾ, ਇਟਾਰਸੀ, ਜਬਲਪੁਰ, ਕਟਨੀ ਤੋਂ ਹੁੰਦੀ ਹੋਈ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੁੱਜੀ। ਜਿੱਥੇ ਸਟੇਸ਼ਨ ਤੋਂ ਗੁਰਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਤੀਕ ਬੈਂਡ ਵਾਜਿਆਂ ਦੀ ਸ਼ਬਦੀ ਧੁੰਨਾਂ ਨਾਲ ਸੰਗਤਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਮਿਤੀ 28 ਅਗਸਤ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਮੁੜ ਅਰੰਭ ਹੋ ਕੇ ਵਾਰਾਨਸੀ, ਪ੍ਰਯਾਗਰਾਜ, ਗੋਵਿੰਦ ਪੁਰੀ (ਕਾਨਪੁਰ), ਦਿੱਲੀ (ਸਫਦਰਜੰਗ) ਵਿਖੇ ਠਹਿਰਾਓ ਹੋਇਆ ਦਿਲੀ ਦੀਆਂ ਸੰਗਤਾਂ ਨੇ ਪੂਰੇ ਖਾਲੂਸ ਨਾਲ ਯਾਤਰਾ ਨੂੰ ਜੀ ਆਇਆਂ ਕਿਹਾ। 30 ਅਗਸਤ ਨੂੰ ਦਿੱਲੀ ਤੋਂ ਮੁੜ ਯਾਤਰਾ ਅਰੰਭ ਹੋਈ, ਜੋ ਸੋਨੀਪਤ, ਪਾਣੀਪਤ, ਕਰਨਾਲ, ਕੁਰਸ਼ੇਤਰ, ਅੰਬਾਲਾ ਕੈਂਟ, ਰਾਜਪੁਰਾ ਸਰਹਿੰਦ ਤੋਂ ਹੁੰਦੀ ਹੋਈ ਸ੍ਰੀ ਅਨੰਦਪੁਰ ਸਾਹਿਬ ਦੇ ਸਟੇਸ਼ਨ ਰਾਹੀਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗੀ ਅਤੇ ਮੁੜ ਸਟੇਸ਼ਨ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਸਟੇਸ਼ਨ ਤੋਂ ਸਰਹੰਦ ਸਟੇਸ਼ਨ ਤੀਕ 'ਤੇ ਉੱਥੋਂ ਮੁੜ ਵਾਪਸੀ ਸਮੇਂ ਗੁ: ਫਤਿਹਗੜ੍ਹ ਸਾਹਿਬ ਸਰਹਿੰਦ ਵਿਖੇ ਪੁੱਜੇਗੀ। 1 ਸਤੰਬਰ ਨੂੰ ਰੇਲ ਸਰਹਿੰਦ ਸਟੇਸ਼ਨ ਤੋਂ ਚੱਲ ਕੇ ਖੰਨਾ, ਲੁਧਿਆਣਾ, ਬਠਿੰਡਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੁੱਜੇਗੀ। ਏਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿ. ਹਰਪ੍ਰੀਤ ਸਿੰਘ, ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਯਾਤਰਾ ਦਾ ਸੁਆਗਤ ਕੀਤਾ ਜਾਵੇਗਾ। ਸਮੁੱਚੀ ਯਾਤਰਾ ਦੀ ਆਓ ਭਗਤ ਬੁੱਢਾ ਦਲ ਵੱਲੋਂ ਹੋਵੇਗੀ। 2 ਸਤੰਬਰ ਨੂੰ ਸਵੇਰੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਚੱਲ ਕੇ ਫਿਰੋਜਪੁਰ ਕੈਂਟ, ਕਪੂਰਥਲਾ, ਜਲੰਧਰ ਸਿਟੀ, ਰੇਲਵੇ ਸਟੇਸ਼ਨ ਅੰਮ੍ਰਿਤਸਰ ਵਿਖੇ ਪੁਜੇਗੀ ਉੱਥੋਂ ਸੰਗਤਾਂ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਰਘੁਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਤਰਨਾ ਦਲ ਮਿਸਲ ਸ਼ਹੀਦਾਂ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਬਿਧੀਚੰਦ ਤਰਨਾ ਦਲ ਸੁਰ ਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਆਦਿ ਨਿਹੰਗ ਸਿੰਘ ਜਥੇਬੰਦੀਆਂ, ਸੰਤ ਮਹਾਪੁਰਸ਼, ਧਾਰਮਿਕ ਸਭਾ ਸੁਸਾਇਟੀਆਂ, ਸਖਸ਼ੀਅਤਾਂ ਯਾਤਰਾ ਦਾ ਪੁਰਜ਼ੋਰ ਸੁਆਗਤ ਕਰਨਗੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜੇਗੀ। ਏਥੇ ਹੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸਮੁੱਚੀ ਯਾਤਰਾ ਦੇ ਠਹਿਰਣ ਲੰਗਰ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ।

# ਹਥਿਆਰ ਕੋਈ ਖਿਡੌਣਾ ਨਹੀਂ ਹਨ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਵਿਆਹਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਰ ਦੂਸਰੇ ਚੌਥੇ ਹਫਤੇ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਭੰਗੜਾ ਪਾਉਂਦੇ ਸਮੇਂ ਕਿਸੇ ਖਰ ਦਿਮਾਗ ਵਿਅਕਤੀ ਨੇ ਹਵਾਈ ਫਾਇਰਿੰਗ ਕਰਦੇ ਸਮੇਂ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਹੋਵੇ। ਪੰਜਾਬ ਵਿੱਚ ਇੱਕ ਅੱਧ ਮਾਮਲੇ ਨੂੰ ਛੱਡ ਕੇ ਅੱਜ ਤੱਕ ਕਦੇ ਵੀ ਕਿਸੇ ਲਾਇਸੈਂਸੀ ਹਥਿਆਰ ਵਾਲੇ ਨੇ ਲੁੱਟਣ ਵਾਸਤੇ ਆਏ ਡਾਕੂ, ਲੁਟੇਰੇ, ਕਾਲੇ ਕੱਛੇ ਵਾਲੇ ਜਾਂ ਚੋਰ ਲੁਟੇਰੇ ਆਦਿ ਦੀ ਹਿੱਕ ਵਿੱਚ ਗੋਲੀ ਨਹੀਂ ਮਾਰੀ। ਲਾਇਸੈਂਸੀ ਹਥਿਆਰਾਂ ਦੀ ਵਰਤੋਂ ਸਿਰਫ ਸ਼ੋਸ਼ੇਬਾਜ਼ੀ ਜਾਂ ਨਿੱਜੀ ਲੜਾਈ ਝਗੜਿਆਂ ਸਮੇਂ ਕੀਤੀ ਜਾਂਦੀ ਹੈ। ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੁਟੇਰੇ ਘਰ ਲੁੱਟ ਕੇ ਲੈ ਗਏ ਤੇ ਪੰਜਾਬੀ ਸੂਰਮਿਆਂ ਦੀਆਂ ਰਾਈਫਲਾਂ ਪੇਟੀ ਵਿੱਚ ਰੱਖੀਆਂ ਰਹਿ ਗਈਆਂ। ਰਾਤ ਨੂੰ ਜਿਆਦਾਤਰ ਲੋਕਾਂ ਨੇ ਸ਼ਰਾਬ ਹੀ ਐਨੀ ਪੀਤੀ ਹੁੰਦੀ ਹੈ ਕਿ ਚੋਰ ਚਾਹੇ ਉਸ ਨੂੰ ਵੀ ਨਾਲ ਹੀ ਚੁੱਕ ਕੇ ਲੈ ਜਾਣ।

ਪੁਰਾਣੇ ਸਮੇਂ ਵਿੱਚ ਅਸਲ੍ਹੇ ਵਾਲੇ ਵਿਅਕਤੀ ਨੂੰ ਚੋਰ ਡਾਕੂਆਂ ਤੋਂ ਬਚਾਅ ਲਈ ਜੰਞ ਦੇ ਨਾਲ ਲਿਜਾਇਆ ਜਾਂਦਾ ਸੀ। ਉਹ ਕਈ ਵਾਰ ਲੁਟੇਰਿਆਂ, ਬਦਮਾਸ਼ਾਂ ਵਿੱਚ ਦਹਿਸ਼ਤ ਪਾਉਣ ਲਈ ਇੱਕ ਅੱਧ ਫਾਇਰ ਵੀ ਕੱਢ ਦੇਂਦਾ ਸੀ। ਪਰ ਅੱਜ ਕਲ੍ਹ ਤਾਂ ਵਿਆਹ ਸਮੇਂ ਅਸਲ੍ਹੇ ਵਾਲੇ ਹਵਾਈ ਫਾਇਰ ਕਰਨ ਦੇ ਸ਼ੌਕੀਨ ਫੁਕਰਿਆਂ ਨੂੰ ਖਾਸ ਤੌਰ 'ਤੇ ਕਾਰਡ ਵੰਡੇ ਜਾਂਦੇ ਹਨ ਤੇ ਸਖਤ ਤਾਕੀਦ ਕੀਤੀ ਜਾਂਦੀ ਕਿ ਬਿਨਾਂ ਪਿਸਤੌਲ ਤੋਂ ਨਾ ਆਇਉ। ਉਹ ਗੱਲ ਅਲੱਗ ਹੈ ਕਿ ਅਜਿਹੇ ਵਿਆਹ ਦੀ ਰਿਸੈਪਸ਼ਨ ਕਈ ਵਾਰ ਥਾਣੇ ਦੀ ਹਵਾਲਾਤ ਵਿੱਚ ਹੁੰਦੀ ਹੈ। ਸੁਣਨ ਵਿੱਚ ਆਇਆ ਹੈ ਕਿ ਮੈਰਿਜ ਪੈਲੇਸ, ਘੋੜੀ, ਬੈਂਡ ਵਾਜੇ ਅਤੇ ਕੈਟਰਿੰਗ ਦੇ ਨਾਲ ਨਾਲ ਹੁਣ ਵਿਆਹ ਵਿੱਚ ਫਾਇਰ ਕਰਨ ਵਾਲਿਆ ਦੀ ਵੀ ਬੁਕਿੰਗ ਹੋਣ ਲੱਗ ਪਈ ਹੈ। ਜਿਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਲਾਇਸੈਂਸ ਵਾਲਾ ਨਹੀਂ, ਉਹ ਕਿਰਾਏ 'ਤੇ ਫਾਇਰ ਕਰਨ ਵਾਲੇ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਗੋਲੀਆਂ ਦੇ ਹਿਸਾਬ ਨਾਲ ਪੇਮੈਂਟ ਕੀਤੀ ਜਾਂਦੀ ਹੈ। ਜਿਹੜਾ ਮੈਰਿਜ ਪੈਲੇਸ ਵਾਲਾ ਫਾਇਰ ਕਰਨ ਤੋਂ ਰੋਕਦਾ ਹੈ, ਲੋਕ ਉਸ ਦਾ ਪੈਲੇਸ ਬੁੱਕ ਕਰਨ ਤੋਂ ਟਾਲਾ ਵੱਟ ਜਾਂਦੇ ਹਨ। ਬਹੁਤੇ ਪੈਲੇਸਾਂ ਵਾਲੇ ਉਮੈਰਿਜ ਪੈਲੇਸ ਵਿੱਚ ਫਾਇਰ ਕਰਨਾ ਮਨ੍ਹਾਂ ਹੈ" ਦਾ ਬੋਰਡ ਲਗਾ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲੈਂਦੇ ਹਨ। ਜੇ ਕਿਤੇ ਪੁਲਿਸ ਵਾਲੇ ਦਖਲ ਅੰਦਾਜ਼ੀ ਕਰਨ ਤਾਂ ਸ਼ਰਾਬੀ ਗਲ ਪੈਂਦੇ ਹਨ ਕਿ ਤੁਸੀਂ ਸਾਡਾ ਵਿਆਹ ਖਰਾਬ ਕਰ ਰਹੇ ਹੋ।

ਪੰਜਾਬ ਵਿੱਚ ਕਿਸੇ ਨੂੰ ਖੁਸ਼ ਕਰਨਾ ਹੋਵੇ ਤਾਂ ਉਸ ਨੂੰ ਲਾਇਸੰਸ ਬਣਾ ਕੇ ਦੇ ਦਿਉ। ਘਰ ਵਿੱਚ ਰੋਟੀ ਪੱਕੇ ਨਾ ਪੱਕੇ, ਹਥਿਆਰ ਜਰੂਰ ਚਾਹੀਦਾ ਹੈ। ਕਈ ਲੋਕਾਂ ਨੇ ਸਾਰੇ ਪਰਿਵਾਰ ਦੇ ਲਾਇਸੰਸ ਬਣਾਏ ਹੁੰਦੇ ਹਨ ਪਰ ਜਦੋਂ ਵਾਰ ਵਾਰ ਲਾਇਸੰਸ ਰੀਨਿਊ ਕਰਾਉਣੇ ਪੈਂਦੇ ਹਨ ਤਾਂ ਸ਼ਕਲ ਵੇਖਣ ਵਾਲੀ ਹੁੰਦੀ ਹੈ। ਲੀਡਰਾਂ ਤੇ ਅਫਸਰਾਂ ਕੋਲ ਸਭ ਤੋਂ ਜਿਆਦਾ ਸਿਫਾਰਸ਼ਾਂ ਲਾਇਸੰਸ ਬਣਾਉਣ ਦੀਆਂ ਹੀ ਆਉਂਦੀਆਂ ਹਨ। ਅਸਲ੍ਹਾ ਰੱਖਣਾ, ਸੰਭਾਲਣਾ ਅਤੇ ਚਲਾਉਣਾ ਬਹੁਤ ਨਾਜ਼ਕ ਕੰਮ ਹੈ। 90% ਲੋਕਾਂ ਨੂੰ ਹਥਿਆਰ ਖੋਲ੍ਹਣੇ ਜੋੜਨੇ ਜਾਂ ਸਾਫ ਕਰਨੇ ਨਹੀਂ ਆਉਂਦੇ। ਪਿਸਤੌਲ ਨੂੰ ਬੁੱਕਲ ਦਾ ਹਥਿਆਰ ਕਿਹਾ ਜਾਂਦਾ ਹੈ ਜੋ ਆਤਮ ਰੱਖਿਆ ਲਈ ਕੱਪੜਿਆਂ ਦੇ ਥੱਲੇ ਛਿਪਾ ਕੇ ਪਹਿਨਿਆਂ ਜਾਣਾ ਚਾਹੀਦਾ ਹੈ। ਪਰ ਅੱਜ ਕਲ੍ਹ ਲੋਕਾਂ ਨੂੰ ਵਿਖਾਉਣ ਲਈ ਜਾਣ ਬੁੱਝ ਕੇ ਪੈਂਟ ਦੀ ਬੈਲਟ ਵਿੱਚ ਫਸਾਇਆ ਹੁੰਦਾ ਹੈ। ਜੇ ਕਿਸੇ ਚੋਰ-ਲੁਟੇਰੇ ਨੇ ਹਮਲਾ ਕਰਨਾ ਹੋਵੇ ਤਾਂ ਉਹ ਜੱਫਾ ਮਾਰ ਕੇ ਪਹਿਲਾਂ ਪਿਸਤੌਲ ਹੀ ਕਾਬੂ ਕਰਦਾ ਹੈ।

ਚਾਲੀ ਪੰਜਾਹ ਸਾਲ ਪਹਿਲਾਂ ਇਲਾਕੇ ਦੇ ਸਿਰਫ ਦੋ ਚਾਰ ਮੋਹਤਬਰ ਬੰਦਿਆਂ ਕੋਲ ਅਸਲ੍ਹਾ ਹੁੰਦਾ ਸੀ। ਪਿਸਤੌਲ ਵਿਦੇਸ਼ੀ ਹੋਣ ਕਾਰਨ ਬਹੁਤ ਮਹਿੰਗੇ ਸਨ ਤੇ ਹਾਰੀ ਸਾਰੀ ਨਹੀਂ ਸੀ ਖਰੀਦ ਸਕਦਾ। ਪਰ ਮੁਸੀਬਤ ਉਦੋਂ ਸ਼ੁਰੂ ਹੋਈ ਜਦੋਂ ਸਰਕਾਰੀ ਕਾਨਪੁਰੀ ਪਿਸਤੌਲ ਬਣਨ ਲੱਗ ਪਏ। ਹੁਣ ਹਰ ਜਣਾ ਖਣਾ ਡੱਬ ਵਿੱਚ ਫਸਾਈ ਫਿਰਦਾ ਹੈ। ਹਰੇਕ ਨੌਜਵਾਨ ਬਾਲਗ ਹੁੰਦੇ ਸਾਰ ਹੀ ਲਾਇਸੰਸ ਬਣਾਉਣ ਵੱਲ ਭੱਜਦਾ ਹੈ। ਵੀਡੀਉ ਗੇਮਾਂ ਖੇਡ ਕੇ ਤੇ ਪੰਜਾਬੀ ਗਾਇਕਾਂ ਦੇ ਜੱਟਵਾਦੀ ਗਾਣੇ ਸੁਣ ਕੇ ਜਵਾਨ ਹੋਈ ਇਸ ਪੀੜ੍ਹੀ ਨੂੰ ਅਸਲੀਅਤ ਬਾਰੇ ਪਤਾ ਨਹੀਂ ਹੈ। ਜੇ ਗਲਤੀ ਨਾਲ ਵੀ ਗੋਲੀ ਵੱਜ ਕੇ ਕਿਸੇ ਦੀ ਮੌਤ ਹੋ ਜਾਵੇ ਤਾਂ ਗੋਲੀ ਮਾਰਨ ਵਾਲੇ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਉਸ 'ਤੇ ਕਤਲ ਦਾ ਪਰਚਾ ਦਰਜ਼ ਹੁੰਦਾ ਹੈ ਤੇ ਸੁਪਰੀਮ ਕੋਰਟ ਤੱਕ ਵੀ ਜ਼ਮਾਨਤ ਨਹੀਂ ਹੁੰਦੀ ਤੇ ਜੇ ਸਜ਼ਾ ਹੋ ਜਾਵੇ ਤਾਂ ਸਾਰੀ ਉਮਰ ਜੇਲ੍ਹ ਵਿੱਚ ਗਰਕ ਹੋ ਜਾਂਦੀ ਹੈ। ਦੋ ਮਿੰਟ ਲਈ ਮਾਰੀ ਫੁਕਰੀ 50-60 ਲੱਖ ਵਿੱਚ ਪੈਂਦੀ ਹੈ ਤੇ ਪਰਿਵਾਰ ਵਾਲੇ ਥਾਣਿਆਂ ਕਚਹਿਰੀਆਂ 'ਚ ਵੱਖ ਧੱਕੇ ਖਾਂਦੇ ਹਨ। ਜਿਆਦਾਤਰ ਸਿਆਣੇ ਬੰਦੇ ਤਾਂ ਵਿਆਹ ਵਿੱਚ ਗੋਲੀ ਚੱਲਦੇ ਸਾਰ ਉੱਠ ਕੇ ਘਰਾਂ ਨੂੰ ਦੌੜ ਜਾਂਦੇ ਹਨ।

ਸਾਡੇ ਨਜ਼ਦੀਕੀ ਪਿੰਡ ਇੱਕ ਵਲੈਤੀਆਂ ਆਪਣੇ ਭਰਾ ਦਾ ਵਿਆਹ ਕਰਨ ਲਈ ਵਿਦੇਸ਼ੋਂ ਆਇਆ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਨੂੰ ਬਰਾਤ ਵਿੱਚ ਹਥਿਆਰ ਲੈ ਕੇ ਆਉਣ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਮੁਫਤ ਦੀ ਸ਼ਰਾਬ ਨਾਲ ਟੱਲੀ ਹੋਏ ਨਿਸ਼ਾਨਚੀਆਂ ਨੇ ਫਾਇਰ ਖੋਲ੍ਹਿਆ ਤਾਂ ਇੱਕ ਗੋਲੀ ਲਾੜਾ ਸਾਹਿਬ ਨੂੰ ਹੀ ਜਾ ਲੱਗੀ ਜਿਸ ਦੀ ਹਸਪਤਾਲ ਜਾ ਕੇ ਮਸਾਂ ਜਾਨ ਬਚੀ। ਸ਼ੁਕਰ ਹੈ ਲਾਵਾਂ ਫੇਰੇ ਹੋ ਗਏ ਸਨ ਨਹੀਂ ਤਾਂ ਵਿਆਹ ਵਿੱਚੇ ਰਹਿ ਜਾਣਾ ਸੀ। ਬਹੁਤ ਮੁਸ਼ਕਿਲ ਨਾਲ ਮਾਮਲਾ ਦਬਾਇਆ ਗਿਆ ਤੇ ਰਾਤੋ ਰਾਤ ਦਿੱਲੀ ਤੋਂ ਐਮਰਜੈਂਸੀ ਟਿਕਟ ਕਰਾ ਕੇ ਭੱਜਾ ਵਲਾਇਤੀਆ ਅੱਜ ਤੱਕ ਵਾਪਸ ਨਹੀਂ ਆਇਆ।

ਹਥਿਆਰ ਆਦਮੀ ਦੀ ਆਤਮ ਰੱਖਿਆ ਲਈ ਹੁੰਦੇ ਹਨ, ਸ਼ੋਸ਼ੇਬਾਜ਼ੀ, ਹਵਾਈ ਫਾਇਰ ਜਾਂ ਲੋਕਾਂ ਨੂੰ ਡਰਾਉਣ ਵਾਸਤੇ ਨਹੀਂ। ਹਥਿਆਰ ਹਮੇਸ਼ਾਂ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਜਿੰਦਰੇ ਹੇਠ ਰੱਖਣੇ ਚਾਹੀਦੇ ਹਨ। ਬੱਚਿਆਂ ਵਿੱਚ ਹਥਿਆਰ ਨਾਲ ਛੇੜ ਛਾੜ ਕਰਨ ਦੀ ਬਹੁਤ ਖਿੱਚ ਹੁੰਦੀ ਹੈ। ਕਦੀ ਵੀ ਭਰਿਆ ਹੋਇਆ ਹਥਿਆਰ ਬੱਚਿਆਂ ਨੂੰ ਨਹੀਂ ਪਕੜਾਉਣਾ ਚਾਹੀਦਾ। ਉਹ ਖੇਡ ਖੇਡ ਵਿੱਚ ਹੀ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਜੇ ਜਿਆਦਾ ਸਮੇਂ ਲਈ ਘਰੋਂ ਬਾਹਰ ਜਾਣਾ ਹੋਵੇ ਤਾਂ ਹਥਿਆਰ ਨਜ਼ਦੀਕੀ ਥਾਣੇ ਜਾਂ ਗੰਨ ਹਾਊਸ ਵਿੱਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। ਬਿਲਕੁਲ ਸੱਚੀਆਂ ਕਹਾਵਤਾਂ ਬਣੀਆਂ ਹਨ ਕਿ ਗੋਲੀ ਹਮੇਸ਼ਾਂ ਬੰਦੇ ਵੱਲ ਹੀ ਜਾਂਦੀ ਹੈ ਤੇ ਕਿਸਮਤ ਮਾੜੀ ਹੋਵੇ ਤਾਂ ਖਾਲੀ ਬੰਦੂਕ ਵੀ ਚੱਲ ਜਾਂਦੀ ਹੈ। ਜੇ ਕਿਸੇ ਵਿਆਹ ਵਿੱਚ ਫਾਇਰ ਹੁੰਦੇ ਹਨ ਤਾਂ ਮੈਰਿਜ ਪੈਲੇਸ ਵਾਲੇ ਵੀ ਕਾਨੂੰਨੀ ਕਾਰਵਾਈ ਤੋਂ ਨਹੀਂ ਬਚ ਸਕਦੇ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਨਜ਼ਦੀਕੀ ਥਾਣੇ ਨੂੰ ਸੂਚਨਾ ਦੇਣ। ਸਿਰਫ ਇਹ ਲਿਖ ਦੇਣ ਨਾਲ ਕਿ ਮੈਰਿਜ ਪੈਲੇਸ ਵਿੱਚ ਫਇਰ ਕਰਨੇ ਮਨ੍ਹਾ ਹਨ, ਜ਼ਿੰਮੇਵਾਰੀ ਤੋਂ ਨਹੀਂ ਭੱਜਿਆ ਜਾ ਸਕਦਾ। ਜਦੋਂ ਵੀ ਕਿਸੇ ਸ਼ਾਦੀ ਵਿੱਚ ਫਾਇਰ ਹੋਣੇ ਸ਼ੁਰੂ ਹੋਣ, ਆਪਣੇ ਪਰਿਵਾਰ ਸਮੇਤ ਪੱਤਰਾ ਵਾਚ ਜਾਉ। ਜਾਨ ਮੁਰਗੇ ਮੱਛੀ ਤੇ ਮੁਫਤ ਦੀ ਸ਼ਰਾਬ ਨਾਲੋਂ ਬਹੁਤ ਜਿਆਦਾ ਕੀਮਤੀ ਹੁੰਦੀ ਹੈ।

# ਸਾਈਕਲਿੰਗ ਅਤੇ ਸਿਹਤ



ਪ੍ਰੋ. ਕੁਲਬੀਰ ਸਿੰਘ
9417153513

ਬਚਪਨ ਵਿਚ ਐਨਾ ਸਾਈਕਲ ਚਲਾਇਆ, ਐਨਾ ਸਾਈਕਲ ਭਜਾਇਆ ਕਿ ਮਨ ਅੱਕ-ਥੱਕ ਗਿਆ। ਫਿਰ ਕਦੇ ਨਾ ਸਾਈਕਲ ਚਲਾਇਆ, ਨਾ ਚਲਾਉਣ ਦੀ ਚਾਹ ਰਹੀ। ਦਹਾਕਿਆਂ ਦੇ ਦਹਾਕੇ ਬੀਤ ਗਏ।

ਸੈਰ-ਕਸਰਤ-ਯੋਗਾ ਮੈਨੂੰ ਲੱਗਦਾ ਏਨਾ ਤਸੱਲੀਬਖ਼ਸ਼ ਹੈ। ਸਰੀਰਕ ਸਰਗਰਮੀ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਰਿਟਾਇਰਮੈਂਟ ਬਾਅਦ ਉਮਰ ਦੇ ਇਸ ਪੜਾ ਤੇ ਸਾਈਕਲਿੰਗ ਦਾ ਸ਼ੌਂਕ ਜਾਗ ਪਿਆ ਹੈ। ਮੈਂ ਅਕਸਰ ਪੜ੍ਹਦਾ ਹਾਂ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਦੇ ਰਹੋ। ਨਵੀਆਂ ਕਸਰਤਾਂ, ਨਵੇਂ ਸਿਹਤ-ਗੁਰ ਅਪਨਾਉਂਦੇ ਰਹੋ।

ਫਿਰ ਜਦ ਸਾਈਕਲਿੰਗ ਦੇ ਸਿਹਤ-ਫਾਇਦਿਆਂ ਤੇ ਨਜ਼ਰ ਮਾਰੀ ਤਾਂ ਮਨ ਵਿਚ ਆਇਆ ਹੋਰ ਕੀ ਚਾਹੀਦਾ ਹੈ। ਹਿੰਙ ਲੱਗੇ ਨਾ ਫਟਕੜੀ ਰੰਗ ਵੀ ਆਵੇ ਚੋਖਾ। ਇਕ ਤੀਰ ਨਾਲ ਕਈ ਨਿਸ਼ਾਨੇ।

ਐਤਵਾਰ ਨੂੰ ਹੀ ਸਾਈਕਲਾਂ ਵਾਲੇ ਬਜ਼ਾਰ ਜਾ ਪੁੱਜਾ। ਇਹ ਸੋਚ ਕੇ ਕਿ ਕੋਈ ਨਾ ਕੋਈ ਦੁਕਾਨ ਤਾਂ ਖੁਲ੍ਹੀ ਹੋਵੇਗੀ। ਮੈਂ ਹੈਰਾਨ ਹੋ ਗਿਆ ਕਿ ਸੱਭ ਤੋਂ ਵੱਡੀ ਦੁਕਾਨ ਖੁਲ੍ਹੀ ਸੀ ਅਤੇ ਗਾਹਕ ਵੀ ਵਾਹਵਾ ਸਨ। ਛੁੱਟੀ ਵਾਲਾ ਦਿਨ ਹੋਣ ਕਰਕੇ। ਬਹੁਤੇ ਬੱਚੇ ਸਨ ਆਪਣੇ ਮਾਂ ਬਾਪ ਨਾਲ ਨਵਾਂ ਸਾਈਕਲ ਲੈਣ ਆਏ ਸਨ।

ਦੁਕਾਨ ਮਾਲਕ ਬੜਾ




ਚੁਸਤ, ਬੜਾ ਸਿਆਣਾ ਸੀ। ਸਾਰਿਆਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਅਟੈਂਡ ਕਰੀ ਜਾ ਰਿਹਾ ਸੀ। ਕਦੀ ਏਧਰ ਕਦੇ ਓਧਰ। ਸਾਈਕਲ ਵੇਚੀ ਜਾ ਰਿਹਾ ਸੀ। ਗਾਹਕ ਵੀ ਖੁਸ਼ ਮਾਲਕ ਵੀ ਖੁਸ਼। ਦੁਕਾਨ ਵਾਹਵਾ ਵੱਡੀ ਸੀ। ਮਾਲਕ ਵੀ ਦੋ ਤਿੰਨ ਜਾਣੇ ਖੜੇ ਸਨ। ਇਕ ਤਾਂ ਪੈਸੇ ਲੈਣ ਤੇ ਹੀ ਸੀ। ਚਾਰ-ਪੰਜ ਹੈਲਪਰ ਸਨ।

ਮੇਰੇ ਤੋਂ ਮੇਰੀਆਂ ਜ਼ਰੂਰਤਾਂ ਅਤੇ ਪਸੰਦ ਪੁੱਛਣ ਬਾਅਦ ਦੋ ਤਿੰਨ ਸਾਈਕਲ ਵਿਖਾਏ ਜਿਹੜੇ ਆਕਰਸ਼ਕ ਸਨ। ਅੱਠ ਤੋਂ ਦਸ ਹਜ਼ਾਰ ਦੀ ਕੀਮਤ ਵਾਲੇ। ਮੈਨੂੰ ਚੰਗੇ ਲੱਗੇ ਪਰ ਮਨ ਨਹੀਂ ਮੰਨਿਆ। ਚਲਾਵੇਂ ਜਿਹੇ ਸਨ। ਮੇਰੀ ਦੁਬਿਧਾ ਪਛਾਣ ਕੇ ਉਸਨੇ ਇਕ ਟੱਕ ਕਿਹਾ, ਛੱਡੋ ਜੀ ਸੱਭ ਤੁਸੀਂ ਇਹ ਲੈ ਜਾਓ। ਤੁਹਾਡੇ ਲਈ ਇਹ ਸੱਭ ਤੋਂ ਬਿਹਤਰ ਹੈ। ਯਾਦ ਕਰੋਗੇ। ਬਰੈਂਡ ਵੀ ਤੁਹਾਡੀ ਪਸੰਦ ਵਾਂਗ ਵਧੀਆ ਅਤੇ ਕੁਆਲਟੀ ਵੀ। ਆਹ ਮੇਰਾ ਵਿਜ਼ਟਿੰਗ ਕਾਰਡ ਲੈਜੋ। ਸੱਤ ਸਾਲ ਸਾਈਕਲ ਨੂੰ ਕੁਛ ਹੋਜੇ ਇੱਥੇ ਲੈ ਆਇਓ। ਉਹ ਇਕੋ ਸਾਹੇ ਐਨਾ ਕੁਝ ਕਹਿ ਗਿਆ। ਮੈਂ ਸਾਈਕਲ ਵੱਲ ਨਜ਼ਰ ਮਾਰੀ। ਵਧੀਆ ਸੀ। ਇੰਗਲੈਂਡ ਦਾ ਬਰੈਂਡ। ਰੇਲੀ, ਨੌਟਿੰਗਮ-ਇੰਗਲੈਂਡ। ਦਿੱਖ ਵਧੀਆ। ਰੰਗ-ਰੂਪ ਵਧੀਆ। ਹੰਢਣਸਾਰ ਤੇ ਚੱਲਣ ਵਿਚ ਹਲਕਾ-ਫੁਲਕਾ।

ਹੁਣ ਸੈਰ ਤੇ ਸਵਾਰੀ ਦੋਵੇਂ ਕਰਨ ਲੱਗਾ ਹਾਂ। ਸੈਰ ਦੇ ਆਪਣੇ ਫਾਇਦੇ, ਸਾਈਕਲ ਦੇ ਆਪਣੇ ਲਾਭ। ਮੁਢਲੇ ਕੁਝ ਦਿਨ ਲੱਤਾਂ ਬਾਹਾਂ ਦੁਖਦੀਆਂ ਰਹੀਆਂ। ਥਕਾਵਟ ਵੀ ਹੋਈ। ਪਰ ਬਾਅਦ ਵਿਚ ਸੱਭ ਰਵਾਂ ਹੋ ਗਿਆ। ਦਿਮਾਗੀ ਧੁੰਦ ਗਾਇਬ ਹੋ ਗਈ। ਸਾਈਕਲਿੰਗ ਦੇ ਲਾਭ ਨਜ਼ਰ ਆਉਣ ਲੱਗੇ।

ਪੁਰਾਣੇ ਲੋਕ ਖੂਬ ਸਾਈਕਲ ਚਲਾਉਂਦੇ ਸਨ। ਡਾਕਟਰ ਕੋਲ ਬਹੁਤ ਘੱਟ ਜਾਂਦੇ ਸਨ। ਅੱਜ ਵੀ ਸਾਡੇ ਸਮਾਜ ਦਾ ਜਿਹੜਾ ਵਰਗ ਸਾਈਕਲ ਚਲਾਉਂਦਾ ਹੈ ਉਹ ਡਾਕਟਰਾਂ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਹੈ ਕਿਉਂਕਿ ਰੋਜ਼ਾਨਾ ਸਾਈਕਲ ਚਲਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਤਣਾਅ ਘੱਟਦਾ ਹੈ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਫੇਫੜੇ ਮਜ਼ਬੂਤ ਹੁੰਦੇ ਹਨ। ਭਾਰ ਘੱਟਦਾ ਹੈ। ਮਸਲ ਤਾਕਤਵਰ ਅਤੇ ਲਚਕੀਲੇ ਹੁੰਦੇ ਹਨ। ਜੋੜ ਮਜ਼ਬੂਤ ਬਣਦੇ ਹਨ ਅਤੇ ਲਚਕ ਵੱਧਦੀ ਹੈ। ਕੈਂਸਰ ਵਰਗੀਆਂ ਬਿਮਾਰੀਆਂ ਤੋਂ ਕਿਸੇ ਹੱਦ ਤੱਕ ਬਚ ਸਕਦੇ ਹਾਂ। ਦਿਲ ਦੀ ਸਿਹਤ ਸੁਧਰਦੀ ਹੈ। ਸਰੀਰਕ ਤਾਲਮੇਲ ਬਿਹਤਰ ਬਣਦਾ ਹੈ। ਊਰਜ਼ਾ ਵਿਚ ਵਾਧਾ ਹੁੰਦਾ ਹੈ। ਪਿੱਠ ਦਰਦ ਦੂਰ ਹੁੰਦੀ ਹੈ। ਸਰੀਰ ਆਪਣੇ ਅਸਲੀ ਕੁਦਰਤੀ ਆਕਾਰ ਵਿਚ ਆ ਜਾਂਦਾ ਹੈ। ਵਿਅਕਤੀ ਸਰੀਰਕ ਮਾਨਸਿਕ ਤੌਰ ਤੇ ਚੁਸਤ ਰਹਿੰਦਾ ਹੈ। ਗਹਿਰੀ-ਗੂੜ੍ਹੀ ਨੀਂਦ ਆਉਂਦੀ ਹੈ। ਖੂਨ ਦਾ ਦਬਾਅ ਅਤੇ ਦਿਲ ਦੀ ਧੜਕਨ ਠੀਕ ਰਹਿੰਦੀ ਹੈ। ਜਿੰਨਾ ਸਮਾਂ ਤੁਸੀਂ ਸਾਈਕਲ ਚਲਾਉਂਦੇ ਹੋ ਡਿਜ਼ੀਟਲ ਡਿਵਾਈਸਾਂ ਤੋਂ ਬਚੇ ਰਹਿੰਦੇ ਹੋ। ਸਰੀਰ ਦਾ ਪੋਸਚਰ ਠੀਕ ਹੁੰਦਾ ਹੈ। ਮੂਡ-ਮਾਈਂਡ ਠੀਕ ਰਹਿੰਦਾ ਹੈ। ਗੋਡਿਆਂ ਦੀਆਂ ਪ੍ਰੇਸ਼ਾਨੀਆਂ ਘੱਟਦੀਆਂ ਹਨ। ਪੈਰਾਂ, ਗਿੱਟਿਆਂ, ਲੱਕ, ਗਰਦਨ, ਬਾਹਾਂ ਅਤੇ ਹੱਥਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਪੈਟਰੋਲ-ਡੀਜ਼ਲ ਦੀ ਬਜਾਏ ਕੈਲਰੀਆਂ ਬਲਦੀਆਂ ਹਨ। ਸ਼ੂਗਰ ਦੀ ਬਿਮਾਰੀ ਦਾ ਖਤਰਾ ਘੱਟਦਾ ਹੈ। ਸਰੀਰ ਅੰਦਰ ਨਾੜੀਆਂ ਵਿਚ ਖੂਨ ਦਾ ਵਹਾਅ ਬਿਹਤਰ ਹੁੰਦਾ ਹੈ। ਰੋਜ਼ਾਨਾ 30 ਮਿੰਟ ਜਾਂ ਇਸਤੋਂ ਵੱਧ ਸਾਈਕਲਿੰਗ ਨਾਲ ਸਮੁੱਚੇ ਤੌਰ ਤੇ ਸਰੀਰ ਅਤੇ ਸਿਹਤ ਨੂੰ ਹੈਰਾਨੀਜਨਕ ਫਾਇਦੇ ਪਹੁੰਚਦੇ ਹਨ। ਪਾਚਨ-ਪ੍ਰਣਾਲੀ ਠੀਕ ਤਰ੍ਹਾਂ ਕੰਮ ਕਰਨ ਲੱਗਦੀ ਹੈ।

ਬਾਹਰ ਖੁਲ੍ਹੀ ਥਾਂ ਵਧੇਰੇ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਧੁੱਪ ਵਿਚੋਂ ਵਿਟਾਮਿਨ ਡੀ ਮਿਲਦਾ ਹੈ। ਸਰੀਰਕ ਤੇ ਸਿਹਤ ਪ੍ਰਤੀ ਚੇਤੰਨਤਾ ਵੱਧਦੀ ਹੈ। ਕਸਰਤ ਦਾ, ਖੇਡਾਂ ਦਾ ਸ਼ੌਕ ਪੈਦਾ ਹੁੰਦਾ ਹੈ।

ਸਾਈਕਲਿੰਗ ਨਾਲ ਬੁਢੇਪਾ ਦੂਰ ਜਾਂਦਾ ਹੈ। ਉਮਰ ਲੰਮੀ ਹੁੰਦੀ ਹੈ। ਸਵੈ-ਮਾਣ ਉੱਚਾ ਉੱਠਦਾ ਹੈ। ਚੰਗੇ ਹਾਰਮੋਨਜ਼ ਰਲੀਜ਼ ਹੋਣ ਨਾਲ ਚੰਗਾ ਮਹਿਸੂਸ ਹੁੰਦਾ ਹੈ। ਕੰਮ ਵਿਚ ਮਨ ਲੱਗਦਾ ਹੈ।

ਸਰੀਰ ਨੂੰ, ਸਿਹਤ ਨੂੰ, ਮਨ ਨੂੰ ਐਨਾ ਕੁਝ ਮਿਲਦਾ ਹੈ, ਏਨੇ ਫਾਇਦੇ ਹਨ ਤਾਂ ਫਿਰ ਸਾਈਕਲ ਚਲਾਉਣ ਵਿਚ ਹਰਜ ਕੀ ਹੈ ? ਘਰ ਤੋਂ ਕੰਮ-ਕਾਰ ਵਾਲੀ, ਨੌਕਰੀ ਵਾਲੀ ਜਗ੍ਹਾ ਜੇ ਬਹੁਤੀ ਦੂਰ ਨਹੀਂ ਤਾਂ ਆਓ ਸਾਈਕਲ ਤੇ ਹੀ ਚੱਲਦੇ ਹਾਂ। ਕਾਰ, ਸਕੂਟਰ ਨੂੰ ਘਰੇ ਆਰਾਮ ਕਰਨ ਦਿਓ।

# ਕੈਨੇਡਾ ਵਾਲਾ ਕਿਲ੍ਹਾ



ਗੁਰਪ੍ਰੀਤ ਸੰਧਾਵਾਲੀਆ
1 604 690 1050

ਜੱਗੀ ਨਹੀਂ ਦੇਖਿਆ ?
ਕਾਹਲੀ ਵਿੱਚ ਮੈਂ ਨਾਲ ਦੇ ਕੰਮ ਕਰਨ ਵਾਲੇ ਮੁੰਡਿਆਂ ਨੂੰ ਪੁੱਛਿਆ।
ਰੋਟੀ ਵਾਲਾ ਡੱਬਾ ਚੱਕੀ ਜਾਂਦਾ ਸੀ ਬਾਹਰ ਨੂੰ, ਉਹ ਸਕਦਾ ਮਾਪਿਆਂ ਦੇ ਸੋਹਲ ਪੁੱਤ ਦੀ
ਬੱਸ ਹੋ ਗਈ ਹੋਵੇ ਕੰਮ ਵੇਖ ਕੇ।
ਓਹਨਾ ਵਿਚੋਂ ਇੱਕ ਨੇ ਟੌਂਟ ਜਿਹਾ ਮਾਰ ਕੇ ਕਿਹਾ।
ਮੈਂ ਓਹਦੀ ਗੱਲ ਇਗਨੋਰ ਕਰਕੇ ਬਾਹਰ ਦੇਖਣ ਚਲਾ ਗਿਆ। ਉਹ ਮੈਨੂੰ ਨਹੀਂ ਦਿੱਸਿਆ।
ਮੈਂ ਵੀ ਵਾਪਸ ਆ ਕੇ ਕੰਮ ਚ ਲੱਗ ਗਿਆ।
2 ਘੰਟੇ ਬਾਅਦ ਜਾ ਕੇ ਓਹਦਾ ਫੋਨ ਲੱਗਾ।
ਮੈਂ ਗੱਡੀ ਚੱਕੀ ਤੇ ਓਹਨੂੰ ਲੈਣ ਨਿਕਲ ਗਿਆ।
ਅੱਜ ਫੇਰ ਉਹ ਲੇਕ ਦੇ ਕੋਲ ਬਣੇ ਪੁੱਲ ਤੇ ਬੈਠਾ ਸੀ।
ਜੱਗੀ ਯਾਰ ਤੂੰ ਕਮਾਲ ਕਰਦਾ , ਕੰਮ ਵਿਚੇ ਛੱਡ ਆਇਆ। ਉਤੋਂ ਤੇਰਾ ਫੋਨ ਵੀ ਨਹੀਂ ਲੱਗਦਾ।
ਉਹ ਬੋਲਿਆ ਨਹੀਂ , ਮੈਂ ਦੇਖਿਆ ਓਹਦੀਆਂ ਅੱਖਾਂ ਚ ਪਾਣੀ ਸੀ।
ਮੈਂ ਕੋਲ ਬਹਿ ਕੇ ਓਹਦੇ ਮੋਢੇ ਤੇ ਹੱਥ ਰੱਖਿਆ , ਕਿ ਗੱਲ ਹੋ ਗਈ ਹੁਣ, ਕਯੂੰ ਦਿਲ ਛੋਟਾ ਕਰਦਾ
ਮੈਂ ਫੇਲ ਹੋ ਗਿਆ ਯਾਰ , ਮੇਰਾ ਜੀ ਕਰਦਾ ਆਹ ਲੇਕ ਛਾਲ ਮਾਰ ਕੇ ਮਰ ਜਾਵਾਂ।
ਉਹ ਫੇਰ ਡੁਸਕਣ ਲੱਗ ਪਿਆ।
ਮਰ ਕੇ ਪਾਸ ਹੋ ਜਾਏਂਗਾ ? ਕਿਉਂ ਪਾਗਲਾਂ ਵਾਲੀਆਂ ਗੱਲਾਂ ਕਰਦਾ। ਚੱਲ ਉੱਠ ਘਰ ਚੱਲੀਏ , ਬਾਹਰ ਠੰਡ ਆ। ਰਸਤੇ ਚ ਮੈਂ ਉਹਨੂੰ ਹੌਂਸਲਾ ਦੇਣ ਲਈ ਐਵੇਂ ਹੀ ਗਿਣਤੀਆਂ ਮਿਣਤੀਆਂ ਜਿਹੀਆਂ ਕਰਕੇ ਕਿਹਾ ਕਿ ਤੇਰੀ PR ਵਾਲੀ ਫਾਈਲ ਦਾ processing Time ਪੂਰਾ ਹੋ ਗਿਆ, ਕਿਸੇ ਵੇਲੇ ਵੀ email ਆ ਜਾਣੀ ਆ, ਪਤਾ ਨਹੀਂ ਅੱਜ ਰਾਤ ਨੂੰ ਹੀ ਆ ਜੇ।
ਉਹ ਬੋਲਿਆ ਨਹੀਂ ਕੁਝ, ਓਸੇ ਤਰਾਂ ਚੁੱਪ ਜਿਹਾ ਹੀ ਬੈਠਾ ਰਿਹਾ। ਓਹਦੀ ਬੇਸਮੈਂਟ ਕੋਲ ਪਹੁੰਚਕੇ ਮੈਂ ਉਹਨੂੰ ਕਿਹਾ , ਸਵੇਰੇ ਟੈਮ ਨਾਲ ਤਿਆਰ ਹੋ ਜਾਈਂ, ਕੰਮ ਤੋਂ late ਨਹੀਂ ਹੋਣਾ ਆਪਾਂ। ਉਹ ਢਿੱਲਾ ਜਿਹਾ ਹੱਥ ਮਿਲਾ ਕੇ ਚੰਗਾ ਕਹਿ ਚਲਾ ਗਿਆ।
ਘਰ ਆ ਕੇ ਮੇਰੇ ਦਿਮਾਗ ਚ , ਜੱਗੀ ਦੀ ਫ਼ਿਲਮ ਚੱਲਣ ਲੱਗ ਪਈ। ਮਾਪਿਆਂ ਦਾ ਇਕੱਲਾ ਪੁੱਤ, ਫਰਾਟੇਦਾਰ ਇੰਗਲਿਸ਼ ਬੋਲਦਾ, BSc ਕਰਕੇ ਬੇਰੋਜ਼ਗਾਰੀ ਦੁਖੋਂ ਕੈਨੇਡਾ ਆਇਆ, ਪਹਿਲਾਂ ਤਾਂ ਜਿਹੜੇ ਏਜੇਂਟ ਨੇ ਕੇਸ ਲਾਇਆ , ਓਹਨੇ ਕਾਲਜ ਗ਼ਲਤ ਦਿਵਾਉਣ ਚ ਹੇਰਾਫੇਰੀ ਕਰਤੀ। ਫੇਰ ਜੇ ਔਖੇ ਸੌਖੇ ਨੇ ਕਾਲਜ ਨਬੇੜਿਆ ਤਾਂ
ਓਨੀ ਦੇਰ ਨੂੰ ਕਨੇਡਾ ਸਰਕਾਰ ਦੇ ਰੂਲ ਬਦਲ ਗਏ। CRS score 500 ਤੋਂ ਉੱਤੇ ਪਤਾ ਨਹੀਂ ਕਿਹੜੇ ਲੋਕਾਂ ਦੇ ਨੰਬਰਾਂ ਨਾਲ ਤੁਰਿਆ ਫਿਰਦਾ।
ਕਿਸੇ ਨੇ ਸਲਾਹ ਦੇ ਦਿੱਤੀ , LIMIA ਲੈ ਲਾ , ਓਹਦੇ ਤੇ ਵੀ ਪੈਸੇ ਖ਼ਰਚ ਲਏ। PR ਵਾਲੀ line ਚ ਲੱਗਾ ਸੀ, ਪਰ ਅਜੇ ਤੱਕ ਵਾਰੀ ਨਹੀਂ ਸੀ ਆ ਰਹੀ , ਓਧਰੋਂ work permit ਵੀ ਮੁੱਕਣ ਵਾਲਾ। ਕੁਲ ਮਿਲਾ ਕੇ 4 ਸਾਲ ਕੈਨੇਡਾ ਚ ਧੱਕੇ ਖਾਣ ਬਾਅਦ ਜਦੋਂ ਕੋਈ ਆਸ ਦੀ ਕਿਰਨ ਨਾ ਦਿਸੇ ਤਾਂ ਬੰਦਾ ਟੁੱਟ ਹੀ ਜਾਂਦਾ। ਅਗਲੇ ਦਿਨ ਜਦੋਂ ਮੈਂ ਉਸਨੂੰ ਓਹਦੀ ਬੇਸਮੈਂਟ ਦੇ ਬਾਹਰ ਜਾ ਕੇ ਫੋਨ ਕੀਤਾ ਤਾਂ ਓਹਨੇ ਚੱਕਿਆ ਨਹੀਂ, ਓਹਦੇ ਨਾਲ ਰਹਿੰਦੇ ਮੁੰਡੇ ਨੇ ਦੱਸਿਆ ਕਿ ਓਹ ਤਾਂ ਤੜਕੇ ਹੀ ਨਿਕਲ ਗਿਆ, ਮੈਨੂੰ ਗੱਲ ਖਟਕੀ, ਕਿਉਂਕਿ ਕੱਲ੍ਹ ਲੇਕ ਤੇ ਜੋ ਉਹ ਕਹਿ ਰਿਹਾ ਸੀ, ਸੋਚਕੇ ਹੀ ਮੇਰੇ ਲੂੰ ਕੰਢੇ ਖੜ੍ਹੇ ਹੋ ਗਏ। ਸਾਰਾ ਰਾਹ ਮੈਂ ਓਹਦੇ ਬਾਰੇ ਸੋਚਦਾ ਕੰਮ ਤੇ ਪਹੁੰਚਿਆ ਤਾਂ ਅੱਗੇ ਕੰਮ ਵਾਲੀ ਵੈਸਟ ਪਾਈ ਓਹੀ ਜੱਗੀ ਮੇਰੇ ਤੋਂ ਵੀ ਪਹਿਲਾਂ ਕੰਮ ਤੇ ਪਹੁੰਚਿਆ ਸੀ। ਮੈਨੂੰ ਆਉਂਦਾ ਦੇਖ ਦੂਰੋਂ ਹੀ ਬੋਲਿਆ , ਭਾਜੀ ਤੁਹਾਡੀ ਗੱਲ ਸੱਚੀ ਹੋ ਗਈ, ਰਾਤੀਂ PR ਵਾਲੀ email ਆ ਗਈ।
ਓਹਨੂੰ ਦੂਰੋਂ ਰੂਫ ਤੇ ਚੜ੍ਹੇ ਨੂੰ ਰੌਲਾ ਪਾਉਂਦੇ ਦੇਖ , ਮੈਨੂੰ ਏਦਾਂ ਲੱਗਾ ਜਿਵੇਂ ਸਾਲਾਂ ਤੋਂ ਜਿਸ ਕਿਲ੍ਹੇ ਨੂੰ ਫਤਿਹ ਕਰਨ ਲਈ ਉਹ ਲੜ ਰਿਹਾ ਸੀ, ਅੱਜ ਓਹਦੀ ਫਸੀਲ ਤੇ ਝੰਡਾ ਫੜੀ ਖੜ੍ਹਾ ਹੋਵੇ




## MODERN SINGLE-FAMILY HOME WITH SPICE KITCHEN & LEGAL BASEMENT SUITE OPTIONS


Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**










**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

VESTA PROPERTIES

# SAVE UP TO $15,000



Modern Single Family Homes JUST ARRIVED

SOUTH POINT
A MASTER PLANNED COMMUNITY

## 70 ACRE RESIDENTIAL COMMUNITY

ਹੋਰ ਜਾਣਕਾਰੀ ਲਈ ਰਜਿਸਟਰ ਕਰੋ
VESTASOUTHPOINT.COM

587.674.3438
southpoint@vestaproperties.com
Sales Centre & Showhomes
600 South Point Heath SW, Airdrie, AB


MONARCH
AT COOPER'S CROSSING

## LUXURY URBAN CONDOS

1,2 AND 2 + DEN BEDROOM CONDOS


Boardroom


Entertaining Zone


Social Parlor


Monarch Fitness


Serenity Retreat

ਕੂਪਰਜ਼ ਕਰਾਸਿੰਗ 'ਤੇ ਐਲੀਵੇਟ ਕਲੈਕਸ਼ਨ ਦੇ ਉੱਪਰ ਸਥਿਤ, ਮੋਨਾਰਕ 670 ਤੋਂ 1,198 ਵਰਗ ਤੱਕ ਦੇ ਆਲੀਸ਼ਾਨ 1 ਅਤੇ 2 ਬੈੱਡਰੂਮ ਵਾਲੇ ਘਰਾਂ ਦੇ ਨਾਲ-ਨਾਲ ਫਲੈਕਸ ਐਕਸ ਸਪੇਸ ਦੇ ਨਾਲ ਬੇਮਿਸਾਲ ਰਹਿਣ ਦੀ ਪੇਸ਼ਕਸ਼ ਕਰਦਾ ਹੈ। ਉੱਚ-ਅੰਤ ਦੇ ਫਾਈਨਿਸ਼ਾਂ ਅਤੇ ਪ੍ਰੀਮੀਅਮ ਵਿਸ਼ੇਸ਼ਤਾਵਾਂ ਦੇ ਨਾਲ ਮੋਨਾਰਕ ਰੀਡਫੀਨੇਸ ਸੂਫੀਸਟਿਕੇਸ਼ਨ। ਨਿਵਾਸੀ ਪ੍ਰੀਮੀਅਮ ਅਪਾਰਟਮੈਂਟਾਂ ਅਤੇ 4,500 ਵਰਗ ਤੋਂ ਵੱਧ ਦਾ ਆਨੰਦ ਲੈਣਗੇ। ਮੋਨਾਰਕ ਫਿਟਨੈਸ, ਸੋਸ਼ਲ ਪਾਰਲਰ, ਸੈਰੇਨਿਟੀ ਰੀਟਰੀਟ, ਐਂਟਰਟੇਨਿੰਗ ਜ਼ੋਨ, ਬੋਰਡਰੂਮ, ਗੀਅਰ ਸਟੇਸ਼ਨ, ਪਾਵ ਸਪਾ ਅਤੇ ਹੋਰ ਬਹੁਤ ਕੁਝ ਸਮੇਤ ਸ਼ਾਨਦਾਰ ਅੰਦਰੂਨੀ ਸੁਵਿਧਾਵਾਂ - ਘਰ ਵਿੱਚ ਇਕੱਠੇ ਹੋਣ, ਆਰਾਮ ਕਰਨ ਅਤੇ ਮਹਿਸੂਸ ਕਰਨ ਲਈ ਇੱਕ ਸੰਪੂਰਣ ਸਥਾਨ।

REGISTER TO LEARN MORE **VESTAELEVATE.COM**

Renderings are an artist's conception and are intended as a general reference only.

#1601 – 201 Cooperswood Green SW, Airdrie
587.317.1516 | cooperscrossing@vestaproperties.com

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜ਼ਨ, ਹਿੰਦੂ ਖੱਤਰੀ ਮਹਿਤਾ ਪਰਿਵਾਰ ਦੇ ਬੀ ਸੀ ਸੂਬੇ ਵਿੱਚ ਰਹਿੰਦੇ, ਨਾਨ ਮੰਗਲੀਕ ਲੜਕੇ, ਜਨਮ 1991, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਬੀ ਟੈੱਕ ਆਈ ਟੀ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ ਅਤੇ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਸੰਪਰਕ: 1-236-238-1710 ***256***

### ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well educated from Canada and doing Successful Business, looking for a girl from Canada. Please call or send biodata on What's app: 1 403 399 3205 ***256***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਧਾਲੀਵਾਲ, ਪਰਿਵਾਰ ਦੇ ਤਲਾਕਸ਼ੁਦਾ ਲੜਕੇ,ਜਨਮ 1987,ਕੱਦ 5 ਫੁੱਟ 11 ਇੰਚ, ਟੌਰਾਂਟੋ ਤੋਂ ਆਫਿਸ ਐਡਮਨਿਸਟ੍ਰੇਸਨ ਡਿਪਲੋਮਾ ਹੋਲਡਰ, ਹੁਣ ਸੈਸਕਾਟੂਨ ਵਿਖੇ ਕੰਸਟ੍ਰਕਸ਼ਨ ਫੀਲਡ ਵਿੱਚ ਆਪਣੀ ਜੌਬ ਕਰਦੇ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੈਸਕਾਟੂਨ ਵਿੱਚ ਰਹਿੰਦੀ ਜਾਂ ਸੈਸਕਾਟੂਨ ਮੂਵ ਹੋਣ ਦੀ ਇੱਛੁਕ ਹੋਵੇ। ਸੰਪਰਕ : 1 306 914 8973 ਜਾਂ ਵਟਸਐਪ 98152 90891 ***256***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***256***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੈਚੂਲਰ ਆਫ ਆਰਟਸ ਐਂਡ ਵੈਲਡਿੰਗ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਦੇ ਕਰੀਬ ਹੋਵੇ। ਵਿਨੀਪੈਗ ਨੂੰ ਪਹਿਲ। ਸੰਪਰਕ: 1 431 278 4440 ਜਾਂ ਵਟਸਐਪ 97000 68532 ***252***

### ਲੜਕੀ ਦੀ ਲੋੜ

10 ਸਾਲ ਦੇ ਮਲਟੀਪਲ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਜੱਟ ਸਿੱਖ ਸਰਾਂ ਨਸ਼ਾ ਰਹਿਤ, ਉਮਰ 24 ਸਾਲ, ਕੱਦ 5 ਫੁੱਟ 11 ਇੰਚ, ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਲਈ ਕਨੇਡੀਅਨ ਪੀਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 647 871 0717,1 825 945 3800,ਜਾਂ ਇੰਡੀਆ 91 9464141011 ਈ ਮੇਲ: manpreetsran62019@gmail.com ***255***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸਾਰਟ ਟਰਮ ਤਲਾਕਸੁਦਾ,ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ,ਜਨਮ 1996,ਕੱਦ 5 ਫੁੱਟ 8 ਇੰਚ, ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ,ਅਸਿਸਟੈਂਟ ਮੈਨੇਜਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਉਮਰ ਦੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸਥਾਪਿਤ ਬਿਜਨਿਸਮੈਨ ਦੇ ਤੌਰ 'ਤੇ ਸੈਟਲ ਹੈ। ਸੰਪਰਕ: 403 605 1421 ***255***

### ਲੜਕੀ ਦੀ ਲੋੜ

ਪੰਜਾਬ ਜਿਲਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 9 ਇੰਚ ਬੀ ਏ ਪਾਸ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 992 9190 ***255***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਵੜੈਚ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਇਲੈਕਟਰੀਕਲ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 605 9723 ***255***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਕਾਲ: 1 306 516 0879 ਜਾਂ 1 639 540 0879 ***251***

### ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਜਨਮ ਨਵੰਬਰ 1992, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1780 907 5762 ***255***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬੈਂਸ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 27 ਸਾਲ, ਕੱਦ 5 ਫੁੱਟ 1 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ, ਵਿਦਿਅਕ ਯੋਗਤਾ: ਅਕਾਊਂਟਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 403 919 1564 ***251***

### ਲੜਕੇ ਦੀ ਲੋੜ

Suitable Match for a very Beautiful, 29 years 5'4", Hindu Khatri girl, Canadian citizen, Short-term Divorcee residing in Calgary Alberta. Dental Hygienist - Good Salary, belongs to a reputed family. Seeking Teetotaler, well educated, well settled Boy Preferred Malwa Area, upper caste. **Contact with Biodata Details on WhatsApp +917087291816 or email at idetails871@gmail.com** ***254***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ ਪਨੇਸਰ (ਨਾਨਕਾ ਪਰਿਵਾਰ ਭੋਗਲ) ਉਮਰ 29 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਡੈਂਟਲ ਅਸਿਸਟੈਂਟ,ਬੀ ਐੱਸ ਸੀ (ਨਾਨ ਮੈਡੀਕਲ) ਲਈ ਸਿੱਖ ਸਰਦਾਰ ਵੈਜੀਟੇਰੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 617 2571 ਜਾਂ ਵਟਸਐਪ 91 98 766 96050 ***254***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਾਛਲ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ,ਉਮਰ 32 ਸਾਲ,ਕੱਦ 6 ਫੁੱਟ,ਵਿਦਿਅਕ ਯੋਗਤਾ: ਐਵੀਏਸ਼ਨ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਵੈੱਲ ਸੈਟਲ ਹੈ। ਲੜਕੇ ਵਾਲਿਆਂ ਦੀ ਅਲਬਰਟਾ (ਕੈਲਗਰੀ) ਅਤੇ ਬੀ ਸੀ ਸੂਬੇ ਵਿੱਚ ਦੋਵੇਂ ਥਾਂਈ ਰਿਹਾਇਸ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 828 8031 ***254***

### ਲੜਕੀ ਦੀ ਲੋੜ

"Handsome, 28 years 5'11", Rajput boy, Canadian Citizen residing in Calgary Alberta. Automotive Technician Diploma, Heavy Duty Technician, financially stable, and family oriented. The bride should hail from a decent, educated family. caste no bar. should be around 21-28 years. Contact with details Phone or WhatsApp 1 403 467 4102 or Email to jayantparmar1995@gmail.com ***254***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ, ਚੀਮਾ ਪਰਿਵਾਰ ਦੇ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ,ਉਮਰ 24 ਸਾਲ,ਕੱਦ 6 ਫੁੱਟ, ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਿਮ ਟੈਕਨੀਸ਼ੀਅਨ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 519 981 9356 ***254***

### ਲੜਕੀ ਦੀ ਲੋੜ

Suitable match for smart and kind natured Jatt Sikh Bhullar boy, 5'11", 1996 born, Teetotaler, convent educated. Owns construction Business. Belongs to a reputed family in Bathinda with urban and rural properties. Seeking like minded smart qualified girl belonging to an affluent family. Now residing in Windsor Canada .Malwa region preferred and queries from abroad are also welcome. Mobile: +91 9417042693. WhatsApp : +1 248-802-4353. Email: pjattana@umich.edu ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਕੱਦ 6 ਫੁੱਟ,ਵਿਦਿਅਕ ਯੋਗਤਾ : ਬੀ ਏ, ਕਨੇਡੀਅਨ ਲਾਅ ਡਿਪਲੋਮਾ ਹੋਲਡਰ ਲਈ ਗੁਰਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡਾ ਵਿੱਚ ਹੀ ਸਿਟੀਜਨ,ਪੀਆਰ ਜਾਂ ਵਰਕ ਪਰਮਿਟ ਉੱਪਰ ਹੋਵੇ। ਸੰਪਰਕ: 1 250 883 4000 ***253***

### ਲੜਕੀ ਦੀ ਲੋੜ

ਜੱਟ ਸਿੱਖ ਬੈਨੀਵਾਲ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਲੜਕੇ,ਉਮਰ 32 ਸਾਲ,ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਬੀ ਟੈੱਕ ਹੁਣ ਪ੍ਰਾਈਵੇਟ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 926 4188 ਜਾਂ ਇੰਡੀਆ ਫੋਨ 91- 99140 81733 ***253***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ਵਿੰਨੀਪੈਗ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ, ਜਮੀਨ 4 ਕਿੱਲੇ,ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਬੀ ਕਾਮ, ਐਮ ਬੀ ਏ (MRSPTU ਬਠਿੰਡਾ ਯੂਨੀ) ਲਈ ਪੜੀ ਲਿਖੀ ਅੰਮ੍ਰਿਤਧਾਰੀ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। (ਕੋਈ ਮੰਗ ਨਹੀਂ)। ਸੰਪਰਕ : 204 963 5993 ਜਾਂ ਵਟਸਐਪ 91 99147 01101 ***252***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 778 675 1313 *** ***

### ਲੜਕੀ ਦੀ ਲੋੜ

ਇਟਾਲੀਅਨ ਪੀ ਆਰ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਬਾਸੀ ਪਰਿਵਾਰ ਦੇ ਤਲਾਕ ਸ਼ੁਦਾ ਲੜਕੇ ਉਮਰ 43 ਸਾਲ ਕੱਦ 5 ਫੁੱਟ 5 ਇੰਚ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਇਸ ਵੇਲੇ ਕੈਲਗਰੀ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1604 719 6182 ਜਾਂ ਈ ਮੇਲ : Tejinderbassi88@icloud.com ***251***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

### ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


## ਹਿਤਕਰਨ ਜੌਹਲ ਨੂੰ ਗੋਲੀਆਂ ਮਾਰਨ ਵਾਲਾ ਇੱਕ ਸ਼ੱਕੀ ਫੜਿਆ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਜੁਲਾਈ ਮਹੀਨੇ ਵੈਨਕੂਵਰ ਵਿੱਚ ਹੋਈ ਗੋਲੀਬਾਰੀ ਜਿਸ ਵਿੱਚ ਪੰਜਾਬੀ ਮੂਲ ਦੇ ਵਿਅਕਤੀ ਹਿਤਕਰਨ ਜੌਹਲ ਦੀ ਮੌਤ ਹੋ ਗਈ ਸੀ ਤੇ ਇੱਕ ਵਿਅਕਤੀ ਜ਼ਖਮੀ ਹੋਇਆ ਸੀ ਤੇ ਮਾਮਲੇ ਵਿੱਚ ਹੁਣ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੈਨਕੂਵਰ ਪੁਲਿਸ ਡਿਪਾਰਟਮੈਂਟ ਨੇ ਦੱਸਿਆ ਹੈ ਕਿ 26 ਜੁਲਾਈ ਨੂੰ ਰਾਤ 9 ਵਜੇ ਦੇ ਕਰੀਬ ਈਸਟ 63 ਐਵਨਿਊ ਅਤੇ ਇਨਵਰਨਸ ਸਟਰੀਟ ਉੱਪਰ ਗੋਲੀਬਾਰੀ ਦੀ ਸੂਚਨਾ ਮਿਲੀ ਸੀ ਜਿੱਥੇ ਕਾਰ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ ਜਿਸ ਤੋਂ ਬਾਅਦ ਇਹ ਕਾਰ ਦੋ ਹੋਰ ਕਾਰਾਂ ਨਾਲ ਟਕਰਾ ਗਈ ਸੀ।

"ਪੰਜਾਬੀ ਅਖ਼ਬਾਰ" ਵਿਚ ਖ਼ਬਰਾਂ,ਕਾਰੋਬਾਰ ਵਿਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ
Bhinder Exterior have the following job positions available as listed below.
- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @
+1 403 680 0436
or email at
bhinderexteriors13@gmail.com.




## Next elections shall be a futile exercise

**Dalip Singh Wasan, Advocate**

Periodical elections are the base of democracy. Here in India only politicdal people take part in ele4ctions and we also know that all the politicians in this country are one lot and these parties are not with some basic targets till date. These parties are just teams formed by individuals, who want to become Prime Minister and in elections they nominate their own supporters and the man who comes back with highest number of supporters becomes the Prime Minister and often runs routine type of government. And our next elections are near and till date none of the parti3es could place before us its targets. Poverty has become the biggest and the gravest problem here, but none of the parties has placed before us the system with which they shall solve this problem. This country would not suffwer if elections are postponed for another tenure of five years. The country shall save time, energy and money costs. Some ageny has already declared that Mr. Narinder Modi is the most popular person amongst his people and the3re is no specdific and serious charge against him, let us postpone the coming elections for another tenure. The vacancies caused because of death or otherwise could be given to those who were next in the previous elections. Because no party is likely to come with some new targets, there is no fun to conduct elections after five years and we can change law and let elections be after ten years.

1010C Vikas Colony,
Patiala
Punjab India0147001

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.
- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


### Name Change

I, **MAKHAN SINGH** son of **AMOLAK SINGH,** holder of Indian **Passport No.# P 3451613**, issued at **ABU DHABI, on 06/04/2017, permanent resident of VPO: BHAROLI, P.S: BEHRAM, DISTT: NAWAN SHAHR, Punjab, INDIA** and presently residing at **176 CASTLEBROOK RISE NE Calgary (AB) T3J 1P1, CANADA,** do hereby change my name from **MAKHAN SINGH** to **DALVIR SINGH,** with immediate effect.
Date: 20/AUG/2024 Cont.: 1 825 883 1993

### Name Change

I, **Dilpreet Singh** son of **Gurjant Singh,** holder of Indian **Passport No P6408797,** issued at **Chandigarh on 30/01/2017**, **permanent resident of Vpo Kurar, Dist Barnala, Punjab 148104, India** and presently residing at **16 Red Sky Green NE, Calgary, AB T3N0V5, Canada** do hereby change my name from **Dilpreet Singh** to **Dilpreet Singh Pannu,** with immediate effect.






# 'ਸਫ਼ਰੀ ਨੂੰ ਡਰ ਲੱਗਦੈ ਤੈਥੋਂ ਪੰਜ ਫੁੱਟੀਏ ਤਲਵਾਰੇ'


'ਸਫ਼ਰੀ' ਚਰਨ ਸਿੰਘ ਦਾ ਤਖ਼ੱਲਸ ਹੈ। ਐਸਾ ਤਖ਼ੱਲਸ ਜਿਸ ਰਾਹੀਂ ਪੰਜਾਬ ਸਾਹ ਲੈਂਦਾ ਹੈ। ਉਸਦੇ ਖ਼ਿਆਲ ਦਾ ਹਾਣ ਨਵਿਆਂ ਕੋਲ ਨਹੀਂ। ਸਮੁੰਦਰ ਵਰਗਾ ਬੰਦਾ। ਉਹਨੇ 'ਸਫ਼ਰੀ ਨੂੰ ਡਰ ਲੱਗਦੈ ਤੈਥੋਂ ਪੰਜ ਫੁੱਟੀਏ ਤਲਵਾਰੇ' ਵੀ ਲਿਖਿਐ। ਸਿੱਖ ਇਤਿਹਾਸ ਦੀ ਲਹੂ ਭਿੱਜੀ ਚੁੱਪ ਨੂੰ ਵੀ ਗੀਤਾਂ ਵਿੱਚ ਢਾਲਿਆ। ਐਸਾ ਢਾਲਿਆ ਕਿ ਸੁਣਨ ਵਾਲਾ ਪਾਗਲ ਹੋ ਜਾਂਦਾ ਹੈ। ਉਹਨੇ ਆਪਾ ਗਵਾ ਕੇ ਗੀਤ ਸਿਰਜੇ। ਆਪਾ ਗਵਾਉਣਾ ਸਫਰੀ ਦੇ ਹਿੱਸੇ ਆਇਆ ਹੈ। ਉਹਨੇ ਆਪਣੀ 'ਮੈਂ' ਰਾਹੀਂ ਸਰੂ ਨੂੰ ਕਲਾਵੇ ਭਰਿਆ। ਜ਼ਰੇ-ਜ਼ਰੇ ਨੂੰ ਇਸ਼ਕ ਕੀਤਾ, ਵਫ਼ਾ ਦੀ ਆਸ ਤੋਂ ਬਿਨਾਂ। ਹੇਠਲੀਆਂ ਸਤਰਾਂ ਲਿਖਦਿਆਂ ਮੈਂ ਅਰਧ ਪਾਗਲ ਅਵਸਥਾ 'ਚ ਹਾਂ। ਨੈਣਾਂ ਚੋਂ ਹੰਝੂ ਨਹੀਂ, ਰੱਤ ਚੋ ਰਹੀ ਐ।

**ਦੋ ਬੜੀਆਂ ਕੀਮਤੀ ਜਿੰਦਾਂ, ਨੀਹਾਂ ਵਿੱਚ ਆਣ ਖਲੋ ਗਈਆਂ**
**ਇਹ ਤੱਕ ਕੇ ਤਸੀਹਾ ਗ਼ਮ ਦਾ, ਕੰਧਾਂ ਵੀ ਪਾਗਲ ਹੋ ਗਈਆਂ**

ਪੰਜਾਬੀ ਜ਼ੁਬਾਨ ਨੂੰ ਸਮਝਣ ਵਾਲਾ ਭਾਵੇਂ ਕੋਈ ਹਿੰਦੂ ਹੈ, ਸਿੱਖ ਹੈ, ਇਸਾਈ ਹੈ, ਮੁਸਲਮਾਨ ਹੈ ਜਾਂ ਕਿਸੇ ਵੀ ਹੋਰ ਧਰਮ ਨਾਲ ਸਬੰਧਿਤ ਹੈ, ਸ਼ਾਇਦ ਇੱਕ ਵੀ ਇਨਸਾਨ ਅਜਿਹਾ ਨਾ ਹੋਵੇ ਜਿਸਦੇ ਇਹ ਸਤਰਾਂ ਸੁਣ ਕੇ ਧੁਰ ਅੰਦਰੋਂ ਚੀਸ ਨਾ ਨਿੱਕਲੀ ਹੋਵੇ। ਸਿੱਖ ਇਤਿਹਾਸ ਨੂੰ ਗੀਤਾਂ ਵਿੱਚ ਪਰੋਣ ਵਾਲੇ ਸ਼੍ਰੋਮਣੀ ਕਵੀ **ਜਨਾਬ ਚਰਨ ਸਿੰਘ ਸਫਰੀ** ਦੀ ਗੀਤਕਾਰੀ 'ਤੇ ਜਦੋਂ ਅਸੀਂ ਝਾਤ ਮਾਰਦੇ ਹਾਂ ਤਾਂ ਪੰਜਾਬੀ ਸਾਹਿਤ ਦੇ ਨਾਲ ਨਾਲ ਧਾਰਮਿਕ ਗੀਤਕਾਰੀ ਵਿੱਚ ਉਹਨਾਂ ਤੋਂ ਵੱਡਾ ਨਾਮ ਹੋਰ ਕੋਈ ਨਜ਼ਰ ਨਹੀਂ ਆਉਂਦਾ। ਧਾਰਮਿਕ ਗੀਤਕਾਰੀ ਵਿੱਚ ਜੋ ਪੂਰਨੇ ਸਫਰੀ ਪਾ ਗਿਆ ਉਸਦੀ ਤਾਂ ਨਕਲ ਵੀ ਕਰਨੀ ਬਹੁਤ ਔਖੀ ਐ। ਆਹ ਦੇਖਿਓ:

**ਮੇਰਾ ਨਾਂ ਗੁਜਰੀ, ਮੇਰੀ ਅੱਲ ਗੁਜਰੀ,**
**ਇਹੋ ਜਿਹੀ ਕਹਾਣੀ ਤਾਂ ਮੇਰੇ ਉੱਤੇ, ਘੜੀ ਘੜੀ ਗੁਜਰੀ, ਪੱਲ ਪੱਲ ਗੁਜਰੀ**
**ਪਹਿਲਾਂ ਪਤੀ ਦਿੱਤਾ, ਫੇਰ ਮੈਂ ਪੋਤੇ ਦਿੱਤੇ,**
**ਆਹ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜਰੀ**
**ਗੁਜਰੀ ਲੋਕ ਮੈਨੂੰ ਤਾਹੀਂਓ ਆਖਦੇ ਨੇ,**
**ਜਿਹੜੀ ਆਈ ਸਿਰ ਤੇ, ਉਹ ਮੈਂ ਝੱਲ ਗੁਜਰੀ**

ਸਫਰੀ ਸਾਹਿਬ ਦਾ ਲਿਖਿਆ 1972 ਵਿੱਚ ਨਰਿੰਦਰ ਬੀਬਾ, ਸਤਿੰਦਰ ਬੀਬਾ, ਰਣਬੀਰ ਸਿੰਘ ਰਾਣਾ ਤੇ ਅਮੀਰ ਸਿੰਘ ਰਾਣਾ ਦੀਆਂ ਆਵਾਜ਼ਾਂ ਵਿੱਚ, ਕੇਸਰ ਸਿੰਘ ਨਰੂਲਾ ਦਾ ਸੰਗੀਤਬੱਧ ਕੀਤਾ ਉਪੇਰਾ 'ਸਾਕਾ ਸਰਹੰਦ' ਪੰਜਾਬੀ ਧਾਰਮਿਕ ਗਾਇਕੀ ਦਾ ਮੀਲ ਪੱਥਰ ਹੈ। ਕਵੀ ਨੇ ਇੱਕ-ਇੱਕ ਸ਼ਬਦ ਨੂੰ ਐਸੇ ਅੰਦਾਜ਼ ਵਿੱਚ ਲਿਖਿਆ ਹੈ ਕਿ ਜਦੋਂ ਕੋਈ ਸ੍ਰੋਤਾ ਸੁਣਦਾ ਹੈ ਤਾਂ ਇਤਿਹਾਸ ਦੇ ਉਸ ਖ਼ੂਨੀ ਤੇ ਜ਼ਾਲਿਮ ਦੌਰ ਦਾ ਦ੍ਰਿਸ਼ ਅੱਖਾਂ ਮੂਹਰੇ ਘੁੰਮਣ ਲੱਗ ਜਾਂਦਾ ਹੈ। ਤੇ ਸੁਣਨ ਵਾਲੇ ਦੀਆਂ ਅੱਖਾਂ ਵਿੱਚੋਂ ਅੱਥਰੂ ਆਪ ਮੁਹਾਰੇ ਵਹਿ ਤੁਰਦੇ ਹਨ। ਸਫਰੀ ਦੇ ਲਿਖੇ ਅਨੇਕਾਂ ਹੀ ਧਾਰਮਿਕ ਗੀਤ ਨਰਿੰਦਰ ਬੀਬਾ ਦੀ ਆਵਾਜ਼ ਵਿੱਚ ਰਿਕਾਰਡ ਹੋਏ ਜੋ ਹਮੇਸ਼ਾ ਹੀ ਪੰਜਾਬ ਦੀ ਫਿਜ਼ਾ ਵਿੱਚ ਗੂੰਜਦੇ ਰਹਿਣਗੇ। ਇਸ ਤੋਂ ਇਲਾਵਾ ਜਗਮੋਹਨ ਕੌਰ ਕੇ. ਦੀਪ ਸਮੇਤ ਬਹੁਤ ਸਾਰੇ ਗਾਇੱਕਾਂ ਨੇ ਸਫਰੀ ਦੇ ਧਾਰਮਿਕ ਗੀਤ ਰਿਕਾਰਡ ਕਰਵਾਏ। ਇਸ ਤੋਂ ਥੋੜਾ ਹੋਰ ਪਿੱਛੇ ਝਾਤ ਮਾਰਦੇ ਹਾਂ:


ਚਰਨ ਸਿੰਘ ਸਫ਼ਰੀ

**ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ**
**ਬੇਸਮਝ ਜ਼ਮਾਨਾਂ ਕੀ ਜਾਣੇਂ**
...
**ਗੁਰੂ ਨਾਨਕ ਸਭ ਦਾ ਪਿਆਰਾ**
**ਪਿਆ ਤੇਰਾ ਤੇਰਾ ਬੋਲਦਾ**

ਮੈਂ ਸਫਰੀ ਸਾਹਿਬ ਦੇ ਲਿਖੇ ਤੇ ਸਰੂਪ ਸਿੰਘ ਸਰੂਪ ਦੇ ਗਾਏ ਪੁਰਾਣੇ ਧਾਰਮਿਕ ਗੀਤਾਂ ਦੀ ਇੱਕ ਕੈਸਿਟ ਵੀਹ ਕੁ ਵਰ੍ਹੇ ਪਹਿਲਾਂ 'ਗੁਰੂ ਨਾਨਕ ਸਭ ਦਾ ਪਿਆਰਾ' ਟਾਈਟਲ ਹੇਠ ਐੱਚ. ਐਮ. ਵੀ. ਤੋਂ ਰੀਲੀਜ਼ ਕਰਵਾਈ ਸੀ। ਜੋ ਪੁਰਾਣੇ ਸ੍ਰੋਤਿਆਂ ਦੇ ਨਾਲ ਨਾਲ ਨਵੀਂ ਉਮਰ ਦੇ ਸ੍ਰੋਤਿਆਂ 'ਚ ਵੀ ਬਹੁਤ ਮਕਬੂਲ ਹੋਈ। ਚਰਨ ਸਿੰਘ ਦਾ ਜਨਮ 5 ਅਪ੍ਰੈਲ 1918 ਨੂੰ ਦਸੂਹੇ ਦੇ ਲਾਗਲੇ ਪਿੰਡ ਬੋਦਲ ਵਿੱਚ ਮਾਤਾ ਇੰਦੀ ਕੌਰ ਦੀ ਕੁੱਖੋਂ ਪਿਤਾ ਲਾਭ ਸਿੰਘ ਦੇ ਘਰ ਹੋਇਆ। ਪਿਤਾ ਜੀ ਦੀ ਰੁਚੀ ਸਿੱਖ ਧਰਮ ਵਿੱਚ ਬਹੁਤ ਸੀ। ਬਾਲ ਚਰਨ ਨੇ ਬਾਪੂ ਤੋ ਸਿੱਖੀ ਸਾਖੀਆਂ ਸੁਣੀਆਂ ਤੇ ਉਸ ਦੇ ਮਨ 'ਤੇ ਇਹਨਾਂ ਦਾ ਡੂੰਘਾ ਪ੍ਰਭਾਵ ਪਿਆ। ਚਰਨ ਸਿੰਘ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਲਰਕ ਦੀ ਨੌਕਰੀ ਮਿਲ ਗਈ ਜਿੱਥੇ ਉਸਦਾ ਮੇਲ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਬਲਦੇਵ ਚੰਦ ਬੇਕਲ (ਜੋ ਲਾਲਾ ਧਨੀ ਰਾਮ ਚਾਤ੍ਰਿਕ ਦੇ ਰਿਸ਼ਤੇਦਾਰ ਸਨ) ਨਾਲ ਹੋਇਆ। ਬੇਕਲ ਨੂੰ ਉਸਨੇ ਆਪਣਾ ਉਸਤਾਦ ਧਾਰਿਆ ਤੇ ਗੀਤਕਾਰੀ ਦੇ ਗੁਰ ਸਿੱਖੇ। ਉਸ ਤੋਂ ਥੋੜ੍ਹੀ ਦੇਰ ਬਾਅਦ ਚਰਨ ਸਿੰਘ ਫੌਜ ਵਿੱਚ ਭਰਤੀ ਹੋ ਗਿਆ, 1958 ਵਿੱਚ ਸਫਰੀ ਦੀ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਦਸੂਹਾ ਵਿਖੇ ਬਤੌਰ ਪੰਜਾਬੀ ਅਧਿਆਪਕ ਨਿਯੁਕਤੀ ਹੋ ਗਈ। 1958 ਤੋਂ ਲੈ ਕੇ 1970 ਤੱਕ ਉਸਨੇ ਇਸੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਇਥੋਂ ਹੀ ਰਿਟਾਇਰਮੈਂਟ ਲਈ। ਸਫਰੀ ਦੇ ਗੀਤਾਂ ਨੂੰ ਪੰਜਾਬ ਦੇ ਚੋਟੀ ਦੇ ਗਾਇੱਕਾਂ ਨੇ ਗਾਇਆ। ਜਿਹਨਾਂ ਵਿੱਚ ਆਸਾ ਸਿੰਘ ਮਸਤਾਨਾ ਦੁਆਰਾ ਗਾਏ ਨਿਮਨ ਗੀਤ ਦੀਆਂ ਸਤਰਾਂ ਦੇਖੋ:

**ਕੁੰਡਲਾਂ ਤੋਂ ਪੁੱਛ ਗੋਰੀਏ, ਇਹਨਾਂ ਕਿਹੜੇ ਕਿਹੜੇ ਕਹਿਰ ਗੁਜ਼ਾਰੇ**
**ਕਿੰਨੇ ਕੁ ਪਿਆਰ ਲੱਭਦੇ,ਇਹਨਾਂ ਫਾਹ ਕੇ ਕਬੂਤਰ ਮਾਰੇ**
**ਨਿੰਮ੍ਹਾਂ-ਨਿੰਮ੍ਹਾਂ ਤੂੰ ਹੱਸਿਆ, ਗੋਰਾ ਮੁੱਖ ਤੇ ਰੂਪ ਕੁਆਰਾ**
**ਡਾਲੀਓਂ ਗੁਲਾਬ ਟੁੱਟ ਕੇ, ਭੁੰਜੇ ਢਹਿ ਗਿਆ ਸ਼ਰਮ ਦਾ ਮਾਰਾ**
**'ਸਫਰੀ' ਨੂੰ ਡਰ ਲੱਗਦਾ, ਤੈਥੋਂ ਪੰਜ ਫੁੱਟੀਏ ਤਲਵਾਰੇ**

ਉਂਝ ਤਾਂ ਜਗਮੋਹਨ ਕੌਰ ਦੀ ਆਵਾਜ਼ ਵਿੱਚ ਸਫਰੀ ਸਾਹਿਬ ਦੇ ਬਹੁਤ ਸਾਰੇ ਗੀਤ ਰਿਕਾਰਡ ਹੋਏ ਪਰ ਨਿਮਨ ਗੀਤ ਪੰਜਾਬੀ ਗੀਤਕਾਰੀ ਵਿੱਚ ਸਾਹਿਤ ਦਾ ਉੱਤਮ ਨਮੂਨਾ ਹੈ:

**ਨੀ ਮੈਂ ਸਰੂ ਨੂੰ ਕਲਾਵੇ ਵਿੱਚ ਲੈ ਲਿਆ , ਆਪਣਾ ਪਿਆਰਾ ਜਾਣ ਕੇ**
**ਗੱਲਾਂ ਗੱਲਾਂ ਦੇ ਬਹਾਨੇ ਦੁੱਖ ਕਹਿ ਲਿਆ, ਆਪਣਾ ਪਿਆਰਾ ਜਾਣ ਕੇ**

ਰਾਜ ਗਾਇੱਕ ਵਜੋਂ ਜਾਣੇ ਜਾਂਦੇ ਹੰਸ ਰਾਜ ਹੰਸ ਦੀ ਪਲੇਠੀ ਕੈਸਿਟ ਦਾ ਟਾਈਟਲ ਗੀਤ ਵੀ ਚਰਨ ਸਿੰਘ ਸਫਰੀ ਦੀ ਹੀ ਲਿਖਤ ਹੈ। ਉਸਦੇ ਪਾਤਰ ਨੇ ਉਹ ਇਸ਼ਕੀਆ ਨਾਗਣ ਦਾ ਡੰਗ ਖਾਧਾ ਹੈ, ਜੀਹਨੇ ਉਸਦੇ ਪਿਆਰ ਨੂੰ ਰੋਲਿਐ। ਜਿਸ ਲਈ ਉਸਨੇ ਲਹੂ ਵਹਾਇਆ ਹੈ। ਉਹਨੇ ਮੁਹੱਬਤ ਦੇ ਨਗ਼ਮੇ ਦੀ ਗੱਲ ਛੇੜੀ, ਜਿਸਨੂੰ ਆਸ਼ਿਕ ਰਾਤ ਨੂੰ ਤਰਦੇ ਨੇ ਤੇ ਦਿਨ ਵੇਲੇ ਤਰਨ ਤੋਂ ਤ੍ਰਭਕਦੇ ਨੇ। ਉਸਨੂੰ ਚਾਨਣੀ ਰਾਤ ਨੇ ਅੱਗ ਲਾਈ। ਹੰਸ ਵੱਲੋਂ ਗਾਏ ਗੀਤ ਦਾ ਨਮੂਨਾ ਵੇਖੋ:

**ਹਾਏ ਸਾਡੇ ਹੰਝੂਆਂ ਦਾ ਮੁੱਲ ਤਾਰ ਜਾ**
**ਨਾਗਣੇ ਨੀ ਇੱਕ ਡੰਗ ਹੋਰ ਮਾਰ ਜਾ**

ਮੇਰੀ ਸਫਰੀ ਸਾਹਿਬ ਨਾਲ ਚਾਰ-ਪੰਜ ਵਾਰ ਮੁਲਾਕਾਤ ਹੋਈ। ਇੱਕ ਵਾਰ ਮੈਂ ਸਫਰੀ ਸਾਹਿਬ ਦੇ ਕੁੱਝ ਪੁਰਾਣੇ ਧਾਰਮਿਕ ਗੀਤਾਂ ਨੂੰ ਇੱਕ ਨਵੀਂ ਗਾਇੱਕਾ 'ਅੰਮ੍ਰਿਤਾ ਦੀਪਕ' ਦੀ ਆਵਾਜ਼ ਵਿੱਚ ਰਿਕਾਰਡ ਕਰਨਾ ਚਾਹੁੰਦਾ ਸੀ। ਮੈਂ ਸਫਰੀ ਸਾਹਿਬ ਨੂੰ ਬੇਨਤੀ ਕੀਤੀ, "ਇਹਨਾਂ ਗੀਤਾਂ ਵਿੱਚ ਮੈਨੂੰ ਢੁੱਕਵੇਂ ਸ਼ੇਅਰ ਵੀ ਚਾਹੀਦੇ ਹਨ।" ਉਨਾਂ ਕਿਹਾ, "ਬੱਸ ਦੋ ਦਿਨ ਠਹਿਰ।" ਉਹਨਾਂ ਨੇ ਮੈਨੂੰ ਸ਼ੇਅਰ ਲਿਖ ਦਿੱਤੇ ਤੇ ਮੇਰੀ ਐਲਬਮ ਦੀ ਰਿਕਾਰਡਿੰਗ ਹੋ ਗਈ ਜਿਸਦਾ ਸੰਗੀਤ ਮੈਂ ਕੇਸਰ ਸਿੰਘ ਨਰੂਲਾ ਜੀ ਤੋ ਕਰਵਾਇਆ। ਉਸ ਐਲਬਮ ਨੂੰ ਟੀ ਸੀਰੀਜ਼ ਨੇ ਰੀਲੀਜ਼ ਕੀਤਾ। ਮੈਂ ਸਫਰੀ ਸਾਹਿਬ ਦੇ ਗੀਤ ਨਰਿੰਦਰ ਮਾਵੀ, ਗੁਰਦੀਪ ਸਿੰਘ ਤੇ ਜੀਤ ਜਗਜੀਤ ਦੀਆਂ ਆਵਾਜ਼ਾਂ ਵਿੱਚ ਖੁਦ ਪ੍ਰੋਡਿਊਸ ਕੀਤੇ। ਜਿਹਨਾਂ ਵਿੱਚ ਗੁਰਦੀਪ ਸਿੰਘ ਦੀ ਆਵਾਜ਼ ਵਿੱਚ ਰਿਕਾਰਡ ਹੋਈ ਇਸ ਗ਼ਜ਼ਲ ਨੂੰ ਸ੍ਰੋਤਿਆਂ ਨੇ ਮਣਾ ਮੂੰਹੀਂ ਪਿਆਰ ਦਿੱਤਾ:

**ਬੜੇ ਮਾਸੂਮ ਨੇ ਸਾਜਨ, ਸ਼ਰਾਰਤ ਕਰ ਹੀ ਜਾਂਦੇ ਨੇ**
**ਤਰੀਂਦੇ ਰਾਤ ਨੂੰ ਨਦੀਆਂ, ਦਿਨੇ ਕੁੱਝ ਡਰ ਵੀ ਜਾਂਦੇ ਨੇ**
**ਦਿਲਾ ਕਿਉਂ ਹੌਸਲਾ ਢਾਇਆ,ਇਸ਼ਕ ਦੀ ਖੇਡ ਖੇਡੀ ਜਾਹ**
**ਖਿਡਾਰੀ ਜਿੱਤ ਵੀ ਜਾਂਦੇ ਨੇ,ਖਿਡਾਰੀ ਹਰ ਵੀ ਜਾਂਦੇ ਨੇ**
**ਬੜਾ ਅਫਸੋਸ ਸੱਜਣਾਂ ਤੇ, ਬਦਲ ਗਏ ਗ਼ੈਰ ਦੇ ਆਖੇ**
**ਤੂੰ ਰੱਖ ਕੁੱਝ ਹੌਸਲਾ 'ਸਫਰੀ', ਕਈਆਂ ਦੇ ਮਰ ਵੀ ਜਾਂਦੇ ਨੇ**

ਇਸ ਤੋਂ ਇਲਾਵਾ ਗਾਇੱਕ ਜੀਤ ਜਗਜੀਤ ਦੀ ਆਵਾਜ਼ ਵਿੱਚ ਮੈਂ ਦਸ ਕੁ ਗੀਤ ਰਿਕਾਰਡ ਕੀਤੇ, ਜਿਸਦਾ ਟਾਈਟਲ ਰੱਖਿਆ 'ਰਾਤਾਂ ਚਾਨਣੀਆਂ' ਸਫਰੀ ਸਾਹਿਬ ਦੇ ਗੀਤ ਵਿੱਚੋਂ ਹੀ ਨਿਕਲਿਆ:

**ਕਦੇ ਆ ਦੁਖੀਆਂ ਵੱਲ ਪਾ ਫੇਰਾ**
**ਦੁੱਖ ਸੁਣ ਜਾ ਬ੍ਰਿਹਾ ਸੱਲ੍ਹਿਆਂ ਦਾ**
**ਅੱਗ ਲਾਉਂਦੀਆਂ ਰਾਤਾਂ ਚਾਨਣੀਆਂ**
**ਸਾਡਾ ਜੀਅ ਨਹੀਂ ਲੱਗਦਾ ਕੱਲਿਆਂ ਦਾ**

ਚਰਨ ਸਿੰਘ ਸਫਰੀ ਦੇ ਕੁੱਝ ਐਸੇ ਗੀਤ ਹਨ ਜੋ ਰੇਡੀਓ ਸੁਣਨ ਵਾਲੇ ਪੁਰਾਣੇ ਸ੍ਰੋਤਿਆਂ ਦੇ ਜ਼ਿਹਨ ਵਿੱਚ ਹਮੇਸ਼ਾ ਵਸਦੇ ਹਨ। ਜਿਹਨਾਂ 'ਚ ਸਰੂਪ ਸਿੰਘ ਸਰੂਪ ਦੀ ਆਵਾਜ਼ ਵਿੱਚ ਨਿਮਨ ਗੀਤ:

**ਤੱਕਲੇ ਦੇ ਵਲ ਕੱਢ ਲੈ**
**ਤੇਰਾ ਤੰਦ ਨਾ ਲਪੇਟਿਆ ਜਾਵੇ**
**ਵਲਾਂ ਵਾਲੀ ਗੱਲ ਸੁਣ ਕੇ**
**ਜੱਗ ਹੋਰ ਨਾ ਵਲੇਵਾਂ ਕੋਈ ਪਾਵੇ**

ਸਫਰੀ ਇੱਕ ਜ਼ਿੰਦਾ ਦਿਲ ਸ਼ਾਇਰ ਸੀ, ਜਿਸਨੇ ਜ਼ਿੰਦਗੀ ਘੜੀਸੀ ਨਹੀਂ ਬਲਕਿ ਜ਼ਿੰਦਗੀ ਜਿਉਂਈ। ਮੈਂ ਸਫਰੀ ਨੂੰ ਜ਼ਿੰਦਗੀ ਦਾ ਜਾਂਞੀ ਹੀ ਕਹਾਂਗਾ। ਸਫਰੀ ਦੇ ਗੀਤ ਸੁਣਨ 'ਚ ਵੀ ਅਨੰਦ ਆਉਂਦਾ ਹੈ ਤੇ ਪੜ੍ਹਨ 'ਚ ਉਸ ਤੋਂ ਵੀ ਵੱਧ। ਸਫਰੀ ਦੀਆਂ ਸਿੱਖੀ ਦੀਆਂ ਵਾਟਾਂ, ਲਹੂ ਦੀਆਂ ਲਾਟਾਂ, ਅੰਮ੍ਰਿਤ ਭਿੱਜੇ ਬੋਲ, ਗੁਰੂ ਰਵਿਦਾਸ ਮਹਿਮਾ, ਖਾਲਸਿਓ ਤਨਖਾਹ ਮੰਗਦੇ ਓ, ਤੱਕਲੇ ਦੇ ਵਲ ਕੱਢ ਲੈ ਸਮੇਤ ਬਾਰਾਂ ਕੁ ਕਿਤਾਬਾਂ ਛਪੀਆਂ ਜੋ ਪੰਜਾਬੀ ਸਾਹਿਤ ਦਾ ਸਰਮਾਇਆ ਹੈ, ਸਫਰੀ ਸਾਹਿਬ ਨੇ ਆਪਣੀਆਂ ਕਵਿਤਾਵਾਂ ਨਾਲ ਕੈਨੇਡਾ ਵਸਦੇ ਪੰਜਾਬੀਆਂ ਦੀ ਰੂਹ ਵੀ ਸਰਸ਼ਾਰ ਕੀਤੀ। ਕੈਨੇਡਾ ਵਸਦੇ ਪੰਜਾਬ ਹਿਤੈਸ਼ੀਆਂ ਨੇ ਸਫਰੀ ਸਾਹਿਬ ਦਾ ਬਹੁਤ ਮਾਣ ਸਤਿਕਾਰ ਵੀ ਕੀਤਾ।

ਪੰਜਾਬ ਦੇ ਮੁੱਢਲੇ ਗਾਇੱਕਾਂ 'ਚ ਇੱਕ ਬੜਾ ਮਸ਼ਹੂਰ ਨਾਮ ਐ ਭਾਨ ਸਿੰਘ 'ਮਾਹੀ'। ਮਾਹੀ ਦੀ ਆਵਾਜ਼ ਵਿੱਚ ਗਾਏ ਤੇ ਸਫਰੀ ਸਾਹਿਬ ਦੇ ਲਿਖੇ ਇਸ ਗੀਤ ਬਿਨਾਂ ਸਫਰੀ ਦੀ ਗੱਲ ਅਧੂਰੀ ਰਹੇਗੀ:

**ਦੁੱਧ ਨੂੰ ਮਧਾਣੀ ਪੁੱਛਦੀ**
**ਰਾਤੀਂ ਜਾਗ ਹੰਝੂਆਂ ਦਾ ਕੀਹਨੇ ਲਾਇਆ**

ਮੈਂ ਜਦੋਂ ਵੀ ਸਫਰੀ ਸਾਹਿਬ ਨੂੰ ਮਿਲਿਆ ਹਮੇਸ਼ਾ ਹੀ ਉਹਨਾਂ ਨੂੰ ਇੱਕ ਨਵੇਂ ਜਜ਼ਬੇ ਨਾਲ ਭਰੇ ਭਰਾਏ ਨੂੰ ਹੀ ਤੱਕਿਆ। ਢਲ਼ਦੀ ਉਮਰ ਦਾ ਪਰਛਾਵਾਂ ਕਦੇ ਉਹਨਾਂ ਦੀਆਂ ਗੱਲਾਂ, ਉਹਨਾਂ ਦੇ ਗੀਤਾਂ, ਉਹਨੇ ਦੇ ਸੁਭਾਅ 'ਤੇ ਨਹੀ ਪਿਆ। 1995 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਫਰੀ ਸਾਹਿਬ ਨੂੰ 'ਰਾਜ ਕਵੀ' ਦੀ ਉਪਾਧੀ ਨਾਲ ਨਿਵਾਜਿਆ। ਮੈਂ ਇੱਕ ਗੱਲ ਹੋਰ ਦੱਸ ਦੇਵਾਂ ਕਿ ਐਮ. ਐਸ. ਰੰਧਾਵਾ ਤੇ ਸਫਰੀ ਸਾਹਿਬ ਗਰਾਈਂ ਸਨ। ਰੰਧਾਵਾ ਸਾਹਿਬ ਨੇ ਸਫਰੀ ਸਾਹਿਬ ਦੀ ਕਵਿਤਾ ਨੂੰ ਅੱਗੇ ਤੋਰਨ ਵਿੱਚ ਕਾਫੀ ਯੋਗਦਾਨ ਪਾਇਆ। ਅੰਤ 5 ਜਨਵਰੀ 2006 ਨੂੰ ਪੰਜਾਬ ਦਾ ਇਹ ਪ੍ਰਸਿੱਧ ਗੀਤਕਾਰ ਤੇ ਪੰਜਾਬ, ਪੰਜਾਬੀ ਦਾ ਮੁਦਈ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਿਆ। ਪਰ ਉਸਦੇ ਗੀਤ ਉਸਦੀ ਕਵਿਤਾ ਅਮਰ ਹੈ:

**ਪੰਜਾਬ ਮੇਰਾ ਦੇਸ਼ ਹੈ,ਪੰਜਾਬੀ ਮੇਰੀ ਬੋਲੀ ਏ**
**ਭੋਲ਼ੇ-ਭਾਲ਼ੇ ਨੈਣ ਨੇ,ਨੁਹਾਰ ਆਲ਼ੀ-ਭੋਲ਼ੀ ਏ**
**ਪੰਜਾਬੀ ਮੇਰੀ ਬੋਲੀ ਏ**
**ਆਸ਼ਕ ਮਸ਼ੂਕ ਏਸੇ ਬੋਲੀ ਵਿੱਚ ਬੰਦ ਨੇ**
**ਏਸੇ ਦੇ ਪੁਜਾਰੀ ਸਾਰੇ ਦਿਲਾਂ ਨੂੰ ਪਸੰਦ ਨੇ**
**ਰੱਬ ਨੂੰ ਮਿਲਾਉਣ ਵਾਲੀ,ਇੱਕੋ ਹੀ ਵਿੱਚੋ ਲੀ ਏ**
**ਪੰਜਾਬੀ ਮੇਰੀ ਬੋਲੀ ਏ**
**ਵਾਰਿਸ, ਚਾਤ੍ਰਿਕ, ਵੀਰ ਸਿੰਘ ਭਾਈ ਨੇ**
**ਬੇਕਲ , ਨੂਰਪੁਰੀ ਸ਼ਿਵ ਇਹਦੇ ਰਾਹੀ ਨੇ**
**'ਸਫਰੀ' ਸਾਹਿਤ ਨਾਲ,ਭਰੀ ਇਹਦੀ ਝੋਲੀ ਏ**
**ਪੰਜਾਬ ਮੇਰਾ ਦੇਸ਼ ਹੈ ਪੰਜਾਬੀ ਮੇਰੀ ਬੋਲੀ ਏ**

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਜਿੰਨਾ ਚਿਰ ਮੇਰੀ ਸਹੇਲੀ ਮੇਰੇ ਨਾਲ ਹੈ, ਮੈਨੂੰ ਕਾਹਦਾ ਖਤਰਾ ?

**ਮੈਨੀਟੋਬਾ ਖੇਤੀ ਮਹਿਕਮੇ 'ਚ ਕੰਮ ਕਰਨ ਵੇਲ਼ੇ ਦੀ ਪੁਰਾਣੀ ਡਾਕ- 2017**

**ਸੋਹਣਾ ਵੇਲ਼ਾ ਸੀ। ਸੋਇਆਬੀਨ, ਸਰ੍ਹੋਂ, ਸੂਰਜਮੁਖੀ ਦੇ ਖੇਤ, ਲਾਲ ਭੂੰਡੀ (Lady Bird Beetle) ਅਤੇ ਸਰ੍ਹੋਂ ਦਾ ਚੇਪਾ (Aphid). ਕੁਦਰਤ ਦੀ ਗੋਦ ਵਿੱਚ ਸਹਿਜੀਵਨ ਦੀ ਕਹਾਣੀ---**

ਕਈ ਵਾਰ ਅਸੀਂ ਕੰਮ (work) ਦੀਆਂ ਗੱਲਾਂ ਦੋਸਤਾਂ ਨਾਲ ਸਾਂਝੀਆਂ ਨਹੀਂ ਕਰਦੇ। ਜਾਂ ਤਾਂ ਸਾਡੇ ਕੋਲ ਸਮਾਂ ਨਹੀਂ ਹੁੰਦਾ ਜਾਂ ਲੋੜ ਨਹੀਂ ਸਮਝਦੇ। ਕਈ ਵਾਰ ਸਾਡਾ ਕੰਮ ਅਤੇ ਸਾਡੀਆਂ ਇੱਛਾਵਾਂ ਬੇਜੋੜ ਹੁੰਦੀਆਂ ਨੇ। ਇਸ ਲਈ ਅਸੀਂ ਕੀ ਕੰਮ ਕਰਦੇ ਹਾਂ ਦੁਨੀਆਂ ਨੂੰ ਦੱਸਣਾ ਹੀ ਨਹੀਂ ਚਾਹੁੰਦੇ; ਲੁਕੋਣ ਲੱਗ ਪੈਂਦੇ ਹਾਂ। ਖ਼ਾਸ ਤੌਰ ਤੇ ਪਰਦੇਸਾਂ ਵਿੱਚ ਆ ਕੇ ਜਦ ਸਾਨੂੰ ਆਪਣੀ ਵਿੱਦਿਅਕ ਯੋਗਤਾ ਤੋਂ ਹੇਠਲਾ ਕੰਮ ਕਰਨਾ ਪੈਂਦਾ ਹੈ ਤਾਂ ਸਾਡੇ ਚੋਂ ਕੋਈ ਸੱਜਣ ਸ਼ਰਮ ਮਹਿਸੂਸ ਕਰਨ ਲੱਗ ਪੈਂਦੇ ਨੇ। ਸ਼ੇਅਰ ਨਹੀਂ ਕਰਦੇ।ਸੋਸ਼ਲ ਮੀਡੀਆ ਤੇ ਅਸੀਂ ਅਕਸਰ ਗੱਡੀਆਂ, ਗਹਿਣੇ, ਪਿਸਤੌਲ, ਬੰਦੂਕਾਂ, ਬੁਲਟ, ਪਾਰਟੀ, ਵਕੇਸ਼ਨ ਫ਼ਨ ਟਾਈਮ, ਰਾਜਨੀਤਕ ਹਸਤੀਆਂ ਜਾਂ ਮਸ਼ਹੂਰ ਕਲਾਕਾਰਾਂ ਨਾਲ ਖਿੱਚੀਆਂ ਤਸਵੀਰਾਂ ਪੋਸਟ ਕਰਦੇ ਹਾਂ। ਆਪਣੇ ਆਪਣੇ ਸ਼ੌਕ ਮੁਤਾਬਕ ਮਾਨਸਿਕ ਖ਼ੁਸ਼ੀ ਪ੍ਰਾਪਤ ਕਰਨ ਲਈ ਇਹ ਸਭ ਕਰਨਾ ਸਾਡਾ ਹੱਕ ਵੀ ਹੈ ਤੇ ਆਜ਼ਾਦੀ ਵੀ। ਇਸ ਤੇ ਕਿੰਤੂ ਪ੍ਰੰਤੂ ਕਰਨਾ ਲਾਹੇਵੰਦ ਨਹੀਂ।ਹਾਂ ਪਰ ਆਪਣੇ ਕੰਮ ਬਾਰੇ ਜਾਣਕਾਰੀ ਸਾਂਝੀ ਕਰਨਾ ਇੱਕ ਦੂਜੇ ਦੇ ਗਿਆਨ ਵਿੱਚ ਵਾਧਾ ਜ਼ਰੂਰ ਕਰ ਸਕਦਾ ਹੈ।ਮੈਂ ਜਦ ਕਨੇਡੀਅਨ ਕਿਸਾਨਾਂ ਦੇ ਖੇਤਾਂ ਵਿੱਚ ਜਾਂਦਾ ਹਾਂ ਤਾਂ ਇੱਕ ਅਜੀਬ ਕਿਸਮ ਦਾ ਸਕੂਨ ਮਿਲਦੈ। ਜਦੋਂ 'ਜੱਟ' ਦਾ ਫ਼ੋਨ ਆ ਜਾਂਦੈ ਤਾਂ ਫਸਲ ਦੀ ਸਿਹਤ ਦਾ ਮੁਆਇਨਾ ਕਰਨ ਜਾਣਾ ਪੈਂਦਾ ਹੈ। ਖੇਤਾਂ ਵਿੱਚ ਜਾਣ ਵੇਲੇ ਕੁੱਝ ਗੱਲਾਂ ਦਾ ਖਿਆਲ ਰੱਖਣਾ ਪੈਂਦਾ ਹੈ। ਉਦਾਹਰਨ ਵਜੋਂ ਤੁਸੀਂ ਇੱਕ ਖੇਤ ਦੀ ਮਿੱਟੀ ਨਾਲ ਲਿੱਬੜੇ ਪੈਰ ਦੂਜੇ ਖੇਤ ਵਿੱਚ ਨਹੀਂ ਲਿਜਾ ਸਕਦੇ। ਉਸ ਨਾਲ ਮਿੱਟੀ ਵਿਚਲੀ ਬਿਮਾਰੀ ਦੂਜੇ ਖੇਤ ਤੱਕ ਫੈਲ ਸਕਦੀ ਹੈ। ਫਿਰ ਤੁਸੀਂ ਆਪਣੇ ਬੂਟਾਂ ਉੱਤੋਂ ਦੀ ਡਿਸਪੋਜ਼ੇਬਲ ਪਲਾਸਟਿਕ ਬੂਟੀਜ਼ ਪਾਉਂਦੇ ਹੋ। ਇਸ ਨੂੰ ਬਾਇਓਸਿਕਿਉਰਿਟੀ ਪਰੋਟੋਕੋਲ ਕਹਿੰਦੇ ਨੇ। ਕਿਸੇ ਵੀ ਖੇਤ ਵਿੱਚ ਵੜਨ ਤੋਂ ਪਹਿਲਾਂ ਤੁਹਾਨੂੰ ਜ਼ਿਮੀਂਦਾਰ ਦੀ ਆਗਿਆ ਲੈਣੀ ਪੈਂਦੀ ਹੈ। ਕਈ ਵਾਰ ਤੁਹਾਨੂੰ ਚਮਕਦਾਰ ਵਰਕ ਜਾਕਟ ਵੀ ਪਾਉਣੀ ਪੈਂਦੀ ਹੈ ਤਾਂ ਕਿ ਦੂਰੋਂ ਦੂਰਬੀਨ ਰਾਹੀਂ ਵੇਖ ਰਿਹਾ ਮਾਲਕ ਇਹ ਜਾਣ ਸਕੇ ਕਿ ਮੇਰੇ ਖੇਤ ਵਿੱਚ ਤੁਰ ਰਿਹਾ ਇਹ ਜੀਵ ਰਿੱਛ ਹੈ, ਹਿਰਨ ਹੈ ਜਾਂ ਬੰਦਾ।

ਜਿੱਥੇ ਪੀਲੇ ਫੁੱਲਾਂ ਵਾਲੀ ਸਰ੍ਹੋਂ ਵਿੱਚ ਤਸਵੀਰਾਂ ਖਿੱਚ ਕੇ ਅਨੰਦ ਆਉਂਦੈ ਓਥੇ ਫਲ਼ੀਆਂ ਤੇ ਆਈ ਸੰਘਣੀ ਸਰੋ੍ਹਂ ਚੋਂ ਲੰਘਣਾ ਬੰਦੇ ਨੂੰ ਰੋਣ ਹਾਕਾ ਕਰ ਦਿੰਦੈ। ਕੇਸਾਂ 'ਚ ਫਸਿਆ ਗੁੱਤ ਪੱਟਣਾ ਕੱਢਣ ਵਾਲੀ ਗੱਲ ਹੁੰਦੀ ਹੈ।

**ਚਿਰੜ (ਭੂੰਡੀਆਂ).......**

ਅੱਜ-ਕੱਲ੍ਹ ਸੋਇਆਬੀਨ ਦੀ ਫਸਲ ਹਰੀ ਕਚਾਰ ਹੈ। ਚੇਪੇ (Aphid) ਦਾ ਹਮਲਾ ਵੀ ਵੇਖਣ ਨੂੰ ਮਿਲਦੈ। ਇੱਥੋਂ ਦੇ ਜ਼ਿਮੀਂਦਾਰ ਗੁਆਂਢੀ ਦੀ ਰੀਸ ਨਾਲ ਸਪਰੇਅ ਨਹੀਂ ਕਰਦੇ। ਪਹਿਲਾ ਸਾਨੂੰ ਬੁਲਾਉਂਦੇ ਨੇ। ਅਸੀਂ ਖੇਤ ਚੋਂ ਬੂਟਿਆਂ ਦੇ ਸੈਂਪਲ ਲੈ ਕੇ ਚੇਪੇ ਦੀ ਔਸਤ ਗਿਣਤੀ ਨਿਰਧਾਰਿਤ ਕਰਦੇ ਹਾਂ। ਪ੍ਰਤੀ ਬੂਟਾ ਚੇਪੇ ਦੀ ਇੱਕ ਖ਼ਾਸ ਗਿਣਤੀ ਹੋਣ ਤੇ ਝਾੜ ਵਿੱਚ ਘਾਟਾ ਹੋਣ ਦੀ ਉਮੀਦ ਹੁੰਦੀ ਹੈ। ਉਸ ਤੋਂ ਪਹਿਲਾਂ ਸਪਰੇਅ ਕਰਨਾ ਸਿਆਣਪ ਨਹੀਂ ਹੁੰਦਾ।

ਇੱਕ ਭੂੰਡੀ (Asian Lady bug) ਪ੍ਰਤੀ ਦਿਨ 100-150 ਚੇਪਾ ਖਾ ਜਾਂਦੀ ਹੈ। ਅਜਿਹੇ ਕੀੜਿਆਂ ਨੂੰ ਮਿੱਤਰ ਕੀੜੇ ਕਹਿ ਦੇਈਦੈ। ਜਿਸ ਖੇਤ ਵਿੱਚ ਇਹ ਭੂੰਡੀ ਹੋਵੇ ਓਥੇ ਜਿ ?ਮੀਦਾਰ ਸਪਰੇਅ ਨਹੀਂ ਕਰਦੇ ਤਾਂ ਕਿ ਇਹ ਭੂੰਡੀ ਨਾਂ ਮਰ ਜਾਵੇ।ਪਿਛਲੇ ਹਫ਼ਤੇ ਜਦ ਮੈਂ ਜਿ ?ਮੀਂਦਾਰ ਨੂੰ ਦੱਸਿਆ ਕਿ ਤੇਰੇ ਖੇਤ Asian Lady bug ਬਹੁਤ ਹੈ ਤਾਂ ਉਹ ਹੱਸ ਕੇ ਕਹਿਣ ਲੱਗਿਆ, ਜਿੰਨਾ ਚਿਰ ਮੇਰੀ ਸਹੇਲੀ ਮੇਰੇ ਨਾਲ ਹੈ, ਮੈਨੂੰ ਕਾਹਦਾ ਖਤਰਾ ? ਉਹ ਤਾਂ ਇਹ ਆਖ ਕੇ ਆਪਣਾ ਟਰੱਕ ਭਜਾ ਕੇ ਲੈ ਗਿਆ ਤੇ ਮੈਂ ਆਪਣੀ ਪੁਰਾਣੀ ਜਿਹੀ ਹਾਂਡਾ ਸਿਵਿਕ ਚ ਵਾਪਸ ਚੱਲ ਪਿਆ। ਰਾਹ ਵਿੱਚ ਮੈਂ ਸੋਚ ਰਿਹਾ ਸਾਂ ਕਿ ਜੇ ਵੱਡੇ ਬਾਪੂ ਜੀ ਹੋਰੀਂ ਕੁੱਕੜ,ਸ਼ਰਾਬ ਅਤੇ ਸ਼ੁਕੀਨੀ ਦੀਆਂ ਚਿਰੜ ਭੂੰਡੀਆਂ ਨਾਂ ਕੱਢਦੇ ਤਾਂ ਸਾਨੂੰ ਗੋਰਿਆਂ ਦੇ ਖੇਤ ਭੂੰਡੀਆਂ ਗਿਣਨ ਦਾ ਮੌਕਾ ਕਿੱਥੇ ਮਿਲਣਾ ਸੀ ?

ਸਰਪੈਂਚ ਦਾ ਪੋਤਰਾ ਚਿੱਟਾ ਕੁੜਤਾ ਪਜਾਮਾ ਪਾ ਕੇ ਬੰਬੀ ਤੇ ਬੈਠਾ ਹੁੰਦਾ। ਰਿਜ਼ਕ ਦੀ ਭਾਲ ਵੀ ਵੇਖੋ ਕਿੰਨੇ ਨਵੇਂ ਰਾਹ ਖੋਲ੍ਹਦੀ ਹੈ..... ਅੱਲਾ ਬੇਲੀ।







# ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ , ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ .....ਬਾਬਾ ਨਜ਼ਮੀ

ਛੋਟੇ ਹੁੰਦੇ ਸੁਣਦੇ ਹੁੰਦੇ ਸੀ ਕਿ ਰੋਮ ਇੱਕੋ ਦਿਨ ਵਿੱਚ ਨਹੀਂ ਸੀ ਉਸਰਿਆ। ਇਸਦੇ ਅਰਥ ਹੁਣ ਸਮਝ ਆਉਂਦੇ ਹਨ ਕਿ ਕੋਈ ਵੀ ਇਮਾਰਤ ਦੀ ਉਸਾਰੀ ਕਰਦੇ ਸਮੇਂ ਇੱਟ ਉੱਪਰ ਇੱਟ ਧਰਨ ਨੂੰ ਸਮਾਂ, ਸਮਰੱਥਾ,ਰੁਚੀ ਜਾਂ ਇੱਛਾ ਤਾਂ ਸਹਾਈ ਹੁੰਦੀ ਹੀ ਹੈ। ਸ਼ਾਇਦ ਇਸੇ ਨੂੰ ਕਿਸੇ ਟੀਚੇ ਤੱਕ ਅੱਪੜਨ ਦੀ ਪੌੜੀ ਕਿਹਾ ਜਾਂਦਾ ਹੋਣਾ । ਪਰ ਹੁਣ ਨਵਾਂ ਰਿਵਾਜ ਛੜੱਪਾ ਮਾਰ ਕੇ ਅੱਗੇ ਲੰਘਣ ਦਾ ਹੋ ਰਿਹਾ ਹੈ ਜੋ ਸਾਡੀ ਧੀਮੀ ਤੋਰ ਵਾਲਿਆਂ ਦੇ ਮੇਚ ਨਹੀਂ ਆਉਂਦਾ । ਬਹੁਤੇ ਲੋਕ ਸ਼ੌਰਟ ਕੱਟ ਰਾਹ ਹੀ ਭਾਲਦੇ ਕਈ ਠੱਗੀਆਂ ਠੋਰੀਆਂ ਦੇ ਕੁਰਾਹੇ ਜਾ ਭਟਕਦੇ ਹਨ। ਪੂਰੀ ਕਿਤਾਬ ਪੜ੍ਹਨ ਦੀ ਥਾਂ ਉਸ ਵਿੱਚੋਂ ਬਸ ਗਰਜਾਂ ਦੇ ਮੇਚ ਦੇ ਅੱਖਰ ਹੀ ਲੱਭਣ ਦੀ ਰੁਚੀ ਬਹੁਤ ਕੁੱਝ ਪਿੱਛੇ ਛੱਡ ਜਾਂਦੀ ਹੈ। ਲੋਕ ਰਾਤੋ ਰਾਤ ਲਾਟਰੀ ਨਿਕਲਣ ਵਾਲੀ ਖੁਸ਼ੀ ਭਾਲ਼ਦੇ ਪਾਈ ਪਾਈ ਜੋੜਨ ਵਾਲੀ ਪਿਰਤ ਤੋਂ ਵਖਰ ਗਏ ਹਨ। ਕਿਹਾ ਜਾਂਦਾ ਹੈ ਸਫਲਤਾ ਦੀ ਸੜਕ ਤਾਂ ਹਮੇਸ਼ਾ ਉਸਾਰੀ ਅਧੀਨ ਹੀ ਹੁੰਦੀ ਹੈ। ਕਾਹਲੇ ਹੀ ਟੀਚੇ ਤੱਕ ਅੱਪੜਨ ਵਾਲੇ ਲੋਕ ਬੜੀ ਛੇਤੀ ਦਿਲ ਛੱਡ ਕੇ ਕੁਰਾਹੇ ਜਾ ਥਿੜਕਦੇ ਹਨ। ਮਹਾਂ ਭਾਰਤ ਅਨੁਸਾਰ ਛੋਟੀਆਂ ਛੋਟੀਆਂ ਪ੍ਰਾਪਤੀਆਂ ਨੂੰ ਸਿਰ ਤੇ ਨਾ ਬਿਠਾਓ ਤੇ ਅਸਫਲਤਾ ਨੂੰ ਦਿਲ ਤੱਕ ਨਾ ਅਪੜਨ ਦਿਓ। ਜਿਵੇਂ ਦਿਨ ਤੇ ਰਾਤ ਆਪੋ ਆਪਣੀ ਵਾਰੀ ਨਿਭਾ ਜਾਂਦੇ ਹਨ ਅਸੀਂ ਵੀ ਇੱਕ ਮਨ ਇੱਕ ਚਿਤ ਹੋ ਕੇ ਅਰਜੁਨ ਦੇ ਮੱਛੀ ਦੀ ਅੱਖ ਵੇਖਣ ਵਾਂਗ ਆਪਣੇ ਨਿਸ਼ਾਨੇ ਵੱਲ ਵਧਿਆਂ ਹੀ ਪ੍ਰਾਪਤੀ ਕਰ ਸਕਦੇ ਹਾਂ। ਕਿਹਾ ਜਾਂਦਾ ਹੈ ਸਾਡੇ ਅੰਦਰ ਸ਼ਕਤੀਆਂ ਦੇ ਖੂਹ ਭਰੇ ਹੋਏ ਹਨ ਪਰ ਉਸ ਸ਼ਕਤੀ ਨੂੰ ਗੇੜਨ ਦੀ ਜਾਚ ਅਤੇ ਲਗਨ ਚਾਹੀਦੀ ਹੈ। ਹਾਲਾਤ ਵੀ ਬਸ ਡਰੇ ਨੂੰ ਡਰਾਉਂਦੇ ਹਨ। ਇੱਕ ਭੇਡਾਂ ਚਾਰਨ ਵਾਲਾ ਬੱਚਾ ਇਬਰਾਹਿਮ ਲਿੰਕਨ ਅਮਰੀਕਾ ਦਾ ਰਾਸ਼ਟਰਪਤੀ ਆਪਣੀ ਲਗਨ ਅਤੇ ਸਖਤ ਮਿਹਨਤ ਕਰਕੇ ਹੀ ਬਣ ਸਕਿਆ ਹੈ। ਇਹੋ ਜਿਹੀਆਂ ਕਈ ਮਿਸਾਲਾਂ ਹਨ ਜੋ ਹਾਲਾਤਾਂ ਨੂੰ ਸਰ ਕਰਦੇ ਕਈ ਪ੍ਰਾਪਤੀਆਂ ਤੱਕ ਜਾ ਅੱਪੜੇ ਹਨ।ਜਿੰਦਗੀ ਦੀਆਂ ਉਚਾਣਾਂ ਅਤੇ ਨਿਵਾਣ ਤਾਂ ਮਨੁੱਖ ਦਾ ਇਮਤਿਹਾਨ ਹੁੰਦੇ ਹਨ। ਮਿਲਖਾ ਸਿੰਘ ਨੰਗੇ ਪੈਰ ਭੱਜਦਾ ਦੁਨੀਆਂ ਭਰ ਦੀਆਂ ਰੇਸਾਂ ਤੱਕ ਜਾ ਅੱਪੜਿਆ ਸੀ। ਮਨੋਵਿਗਿਆਨੀ ਦੱਸਦੇ ਹਨ ਹੀਣ ਭਾਵਨਾ ਜਾਂ ਡਰ ਵਹਿਮ ਸਾਡੇ ਅੰਦਰਲੀਆਂ ਰੁਕਾਵਟਾਂ ਹਨ ਜੋ ਅੱਗੇ ਵਧਣ ਤੋਂ ਹੋੜਦੀਆਂ ਹਨ। ਯਤਨ ਜਾਰੀ ਰੱਖਣ ਨਾਲ ਹੀ ਸੰਭਵ ਹੈ ਕਿ ਟੀਚਾ ਸਰ ਕੀਤਾ ਜਾ ਸਕੇ। ਕਈ ਵਾਰੀ ਸਫਲਤਾ ਦਾ ਤਾਲਾ ਅਖੀਰਲੀ ਚਾਬੀ ਨਾਲ ਹੀ ਖੁੱਲ੍ਹਦਾ ਹੈ। ਸੋ ਲਗਾਤਾਰ ਯਤਨ ਰੱਖਣੇ ਬਹੁਤ ਜਰੂਰੀ ਹਨ। ਰੱਬ ਨੇ ਤਾਂ ਸਭਨੂੰ ਇੱਕਸਾਰ ਸੰਭਾਵਨਾਵਾਂ ਦਿੱਤੀਆਂ ਹਨ । ਕਿਉਂਜੋ ਰੱਬ ਕਦੇ ਦਰੈਤ ਨਹੀਂ ਕਰਦਾ । ਪਰ ਅਸੀਂ ਹੀ ਮਾਯੂਸ ਹੋ ਕੇ ਹਥਿਆਰ ਸੁੱਟ ਦਿੰਦੇ ਹਾਂ।

ਕਈ ਲੋਕ ਹਾਲਾਤ, ਕਿਸਮਤ ਜਾਂ ਵਾਪਰ ਰਹੀਆਂ ਘਟਨਾਵਾਂ ਨੂੰ ਕੋਸਦੇ ਆਪਣੀਆਂ ਊਣਾਂ ਨੂੰ ਢਕਦੇ ਹਨ। ਪੰਜਾਬੀ ਦੀ ਕਹਾਵਤ ' ਉੱਠਿਆ ਆਪ ਤੋਂ ਨਾ ਜਾਵੇ ,ਫਿੱਟੇ ਮੂੰਹ ਗੋਡਿਆਂ ਦੇ' ਅਜਿਹੇ ਢਹਿੰਦੀ ਕਲਾ ਵਾਲੀ ਸੋਚ ਤੇ ਢੁਕਦੀ ਹੈ। ਕੁੱਝ ਲੋਕ ਸਭ ਹਾਲਾਤਾਂ ਨੂੰ ਸਰ ਕਰਦੇ ਹੋਏ ਵੱਡੀ ਪ੍ਰਾਪਤੀ ਤੱਕ ਜਾ ਅੱਪੜਦੇ ਹਨ। ਇਹ ਸਾਡੇ ਸਭ ਲਈ ਪ੍ਰੇਰਣਾ ਸਰੋਤ ਬਣਦੇ ਹਨ। ਆਪਣੀ ਜਨਮ ਭੂਮੀ ਤੋਂ ਬਿਗਾਨੀ ਧਰਤ ਤੱਕ ਅੱਪੜੇ ਕਈ ਲੋਕ ਆਪਣੀ ਹਿੰਮਤ ਅਤੇ ਲਗਨ ਨਾਲ ਰਾਜਸੀ ਤਾਕਤ ਨੂੰ ਹੱਥ ਪਾ ਰਹੇ ਹਨ। ਅਸੀਂ ਕੈਨੇਡਾ ਅਤੇ ਯੂ.ਕੇ.ਦੀਆਂ ਕੁਰਸੀਆਂ ਤੱਕ ਅੱਪੜੇ ਲੋਕਾਂ ਨੂੰ ਵੇਖ ਸਕਦੇ ਹਾਂ। ਜਿਨ੍ਹਾਂ ਦੀ ਹਿੰਮਤ ਦਾ ਬਰ ਛੋਟਾ ਹੈ ਜਾਂ ਦਲੇਰੀ ਦਾ ਦਮ ਛੋਟਾ ਹੈ, ਉਹ ਹੀ ਕਿਸਮਤ ਨੂੰ ਕੋਸਦੇ ਹੋਣਗੇ। ਸਫਲ ਹੋਏ ਸਭ ਆਦਮੀ ਸਾਡੇ ਲਈ ਰੋਲ ਮਾਡਲ ਰਹੇ ਹਨ।

ਕੈਨੇਡੀਅਨ ਸੱਥ

# ਬਾਲਟੀ ਭਰ ਕੇ ਦਿੱਤੇ ਵੀਜੇ, ਹੁਣ ਚਮਚਿਆਂ ਨਾਲ ਬਾਹਰ ਕੱਢਣ ਵੱਲ ਕਦਮ ਪੁੱਟਿਆ


ਅਸ਼ੀਸ਼ ਨਰੂਲਾ
1 204 890 5040

ਜਿਵੇਂ ਕਹਿੰਦੇ ਨੇ ਰਾਜ ਤੇ ਖਾਜ ਆਪ ਹੀ ਕਰਨ ਵਿੱਚ ਸਵਾਦ ਆਉਦਾ ਹੈ , ਇਸੇ ਸੰਦਰਭ ਵਿੱਚ ਯੁਨਾਈਟਡ ਕੰਜ਼ਵੇਟਿਵ ਪਾਰਟੀ ਅਲਬਰਟਾ ਵੱਲੋਂ ਆਉਦੇ ਮਹੀਨਿਆਂ ਵਿੱਚ ਜਨਰਲ ਮੈਂਬਰਸ਼ਿਪ ਮੀਟਿੰਗ ਉਲੀਕੀ ਗਈ ਹੈ ਅਤੇ ਇਹ ਮੀਟਿੰਗ ਵਿੱਚ ਮੁੱਖ ਭੂਮਿਕਾ ਅਲਬਰਟਾ ਟੇਕ ਬੈਕ ਵਾਲਾ ਧੜਾ ਹਾਵੀ ਰਹਿਣ ਦੀ ਸੰਭਾਵਨਾ ਹੈ ,ਇਸ ਧੜੇ ਨੇ ਲੰਘੇ ਸਮੇ ਵਿੱਚ ਕਾਫੀ ਤਣਾਅ ਪੂਰਨ ਮਹੌਲ ਸਿਰਜਿਆ ਹੈ ਫਿਰ ਉਹ ਭਾਂਵੇ ਵੈਕਸੀਨ ਨੂੰ ਲੈ ਕੇ ਹੋਵੇ, ਜਾਂ ਸਕੂਲਾਂ ਦੀ ਵਾਗਡੋਰ । ਅਲਬਰਟਾ ਹੈਲਥ ਸਰਵਿਸ ਦੀ ਜਗ੍ਹਾ ਇੱਕ ਕੋਵੀਨੈਟ ਨਾਮ ਦੀ ਸੰਸਥਾ ਹੋਵੇ ਜਾਂ ਫਿਰ ਪ੍ਰਾਈਵੇਟ ਪੁਲਿਸ ਏਜੰਸੀ ਦਾ ਮਾਮਲਾ ਜਾਂ ਫਿਰ ਸਾਬਕਾ ਮੁੱਖ ਮੰਤਰੀ ਜੇਸਨ ਕੈਨੀ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਭੂਮਿਕਾ ਹੋਵੇ। ਇਹ ਸਾਰੇ ਮੁੱਦੇ ਬਹੁਤ ਹੀ ਮਹੱਤਵਪੂਰਨ ਮੁੱਦੇ ਹਨ ਅਤੇ ਇਹਨਾਂ ਨੂੰ ਮੱਦਨਜ਼ਰ ਰੱਖਦੇ ਹੋਏ ਸਾਡੇ ਸੂਬੇ ਦੀ ਮੁੱਖ ਮੰਤਰੀ ਮੇਰੀ ਜਾਚੇ ਕੋਈ ਜੋਖਮ ਨਹੀ ਉਠਾਉਣਗੇ ਅਤੇ ਆਪਣੀ ਗੱਦੀ ਬਚਾਉਣ ਲਈ ਇਸ ਧੜੇ ਦੇ ਨਾਲ ਸਿੱਧੇ ਜਾਂ ਅਸਿਧੇ ਰੂਪ ਵਿੱਚ ਨਾਲ ਖੜਨਗੇ। ਫਿਰ ਉਸ ਨਾਲ ਲੋਕਾਈ ਨੂੰ ਜੋ ਵੀ ਨੁਕਸਾਨ ਹੋਵੇਗਾ ਉਹ ਦੇਖਿਆ ਜਾਵੇਗਾ "ਕੋਈ ਮਰੇ ਤੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ"। ਸਾਡੇ ਦੇਸ਼ ਦਾ ਮੈਡੀਕਲ ਸਿਸਟਮ ਜਿਹਨਾਂ ਹਾਲਾਤਾ ਵਿੱਚ ਅੱਜ ਕੱਲ ਹੈ ਕਿਸੇ ਤੋਂ ਲੁਕਿਆ ਛਿਪਿਆ ਨਹੀਂ । ਘੰਟਿਆਂ ਬੱਧੀ ਇੰਤਜਾਰ ਅਤੇ ਮਰੀਜ ਦੀ ਪੀੜ ਨੇ ਇਸ ਸਿਸਟਮ ਨੂੰ ਹੋਰ ਵੀ ਤਰਸਯੋਗ ਹਾਲਾਤ ਦਾ ਬਣਾ ਦਿੱਤਾ ਹੈ,ਅਤੇ ਦਿਨ ਪ੍ਰਤੀ ਦਿਨ ਵਧਦੀ ਆਬਾਦੀ ਦੇ ਨਾਲ ਨਾਲ ਹਸਪਤਾਲਾਂ ਵਿੱਚ ਬੋਝ ਵਧਦਾ ਜਾ ਰਿਹਾ ਹੈ। ਕਈ ਸ਼ਹਿਰਾਂ ਵਿੱਚ ਤਾਂ ਐਮਰਜੈਂਸੀ ਵਾਲੇ ਮਰੀਜਾਂ ਨੂੰ ਹਫਤਿਆ ਬੱਧੀ ਹਾਲਵੇ ਵਿੱਚ ਇੰਤਜਾਰ ਕਰਨਾ ਪੈ ਰਿਹਾ ਹੈ । ਅਜਿਹੇ ਹਾਲਤਾਂ ਵਿੱਚ ਸਾਡੇ ਸੂਬੇ ਦੀ ਹਾਕਮ ਧਿਰ ਅਲਬਰਟਾ ਹੈਲਥ ਸਰਵਿੱਸ ਤੋ ਕੰਮ ਖੋਹ ਕੇ ਇੱਕ ਪ੍ਰਾਈਵੇਟ ਧੜੇ ਦੇ ਹੱਥਾਂ ਵਿੱਚ ਦੇਣ ਨਾਲ ਕਿੰਨਾਂ ਕੁ ਸੁਧਾਰ ਹੋਵੇਗਾ ਅਤੇ ਇਸ ਏਜੰਸੀ ਦੀਆਂ ਆਪਣੀ ਧਾਰਮਿਕ ਮਾਨਤਾਵਾਂ ਹਨ ਜੋ ਕਿ ਕਈ ਸਮੱਸਿਆਵਾਂ ਦੇ ਹੱਲ ਲਈ ਧਾਰਮਿਕ ਕਾਰਨਾ ਕਾਰਨ ਪ੍ਰਤੀਬੱਧ ਨਹੀ ਹਨ। ,ਸੋ ਅਜਿਹੇ ਹਾਲਾਤਾਂ ਵਿੱਚ ਮਰੀਜ ਕਿੱਥੇ ਜਾਣਗੇ ਇਹ ਆਪਣੇ ਆਪ ਵਿੱਚ ਇੱਕ ਸਵਾਲ ਹੈ। ਪਰ ਸਰਕਾਰ ਉਪਰ ਇੱਕ ਧੜੇ ਦਾ ਦਬਾਅ ਹੋਣ ਕਾਰਨ ਅਤੇ ਆਪਣੀ ਕੁਰਸੀ ਦੀ ਖਾਤਰ ਕਿਸ ਪੱਧਰ ਤੱਕ ਝੁੱਕਦੇ ਹਨ ਇਹ ਆਉਣ ਵਾਲਾ ਸਮਾਂ ਦੱਸ ਦੇਵੇਗਾ। ਪਰ ਇਹ ਨਫਰਤ ਦੀ ਰਜਾਨੀਤੀ ਅਤੇ ਭੇਦ ਭਾਵ ਸਮਝੋ ਬਾਹਰ ਵਾਲੀ ਗੱਲ ਜਾਪਦੀ ਹੈ । ਉਧਰ ਪ੍ਰਵਾਸ ਨਾਲ ਜੁੜੀ ਇੱਕ ਵੱਢੀ ਖਬਰ ਲੰਘੇ ਦਿਨੀ ਆਈ ਹੈ, ਲਿਬਰਲ ਸਰਕਾਰ ਦੇ ਇੰਮੀਗ੍ਰੇਸ਼ਨ ਮੰਤਰੀ ਨੇ ਬੀਤੇ ਦਿਨੀ ਇੱਕ ਨਵੀਂ ਅਨਾਉਸਮੈਂਟ ਕੀਤੀ ਹੈ ਜਿਸ ਵਿੱਚ ਵਿਜ਼ਟਰ ਵੀਜੇ ਤੇ ਦਾਖਲ ਹੋਏ ਲੋਕ ਜੋ ਕਿ ਕਨੇਡੀਅਨ ਲੈਂਡ ਤੇ ਰਹਿ ਕੇ ਵਰਕ ਪਰਮਿਟ ਲਈ ਅਰਜ਼ੀ ਦੇ ਸਕਦੇ ਸਨ,ਇਹ ਪਾਲਿਸੀ ਕੋਵਿਡ ਮਹਾਮਾਰੀ ਦੌਰਾਨ ਵਿਜ਼ਟਰ ਜਿਹਨਾਂ ਨੂੰ ਵਾਪਸ ਜਾਣ ਵਿੱਚ ਦਿੱਕਤ ਆ ਰਹੀ ਸੀ ਉਹਨਾਂ ਲਈ ਇਹ ਵੀਜੇ ਖੋਲੇ ਸਨ ਅਤੇ ਇਹ ਅਰਜੀਆਂ ਲੈਣ ਦੀ ਤਾਰੀਕ ਅਗਲੇ ਸਾਲ ਫਰਵਰੀ ਮਹੀਨੇ ਤੱਕ ਜਾਰੀ ਰਹਿਣੀ ਸੀ ਪਰ ਹੱਦੋਂ ਵੱਧ ਇੰਮੀਗ੍ਰੇਸ਼ਨ ਹੋਣ ਕਾਰਨ ਇਹ ਫੈਸਲਾ ਆਇਆ ਜਾਪਦਾ ਹੈ। ਪਹਿਲਾਂ ਸਰਕਾਰ ਨੇ ਬਾਲਟੀ ਭਰ ਕੇ ਵੀਜੇ ਦਿੱਤੇ ਹਨ ਹੁਣ ਚਮਚਿਆਂ ਨਾਲ ਬਾਹਰ ਕੱਢਣ ਵੱਲ ਕਦਮ ਜਾਪਦਾ ਹੈ। ਕੰਜਰਵੇਟਵ ਲੀਡਰ ਮਿਸਟਰ ਪੀਅਰ ਨੇ ਜਗਮੀਤ ਸਿੰਘ ਨੂੰ ਲਿਖੀ ਇੱਕ ਚਿੱਠੀ ਵਿੱਚ ਕਿਹਾ ਹੈ ਕਿ ਉਹਨਾਂ ਨੂੰ ਟਰੂਡੋ ਸਰਕਾਰ ਨੂੰ ਦਿੱਤੀ ਸਪੋਰਟ ਵਾਪਿਸ ਲੈਣ ਲਈ ਅਪੀਲ ਕੀਤੀ ਹੈ ਅਤੇ ਅਗਾਂਊ ਚੋਣਾ ਲਈ ਆਖਿਆ ਹੈ। ਇੱਕ ਹੋਰ ਬਿਆਨ ਵਿੱਚ ਉਹਨਾ ਕਿਹਾ ਹੈ ਕਿ ਟਰੂਡੋ ਸਕਰਕਾਰ ਨੇ ਇਮੰਗ੍ਰੇਸ਼ਨ ਸਿਸਟਮ ਤਬਾਹ ਕਰ ਦਿੱਤਾ ਹੈ ਅਤੇ ਓਹਨਾਂ ਕਿਹਾ ਕਿ ਇੰਮੀਗ੍ਰੇਸ਼ਨ ਸਿਸਟਮ ਇੱਕ ਬਹਿਸ ਦਾ ਮੁੱਦਾ ਨਹੀ ਸੀ ਪਰ ਟਰੂਡੋ ਸਰਕਾਰ ਨੇ ਬਣਾ ਦਿੱਤਾ ਹੈ । ਇਹ ਅੰਤਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਦੀ ਬੇਲੜੀ ਆਮਦ ਕਾਰਨ ਹੋਇਆ ਹੈ। ਉਹਨਾਂ ਕਿਹਾ ਹੈ ਕਿ ਕੁਦਰਤੀ ਤੌਰ ਤੇ ਕਨੇਡਾ ਦੀ ਆਬਾਦੀ ਵਿੱਚ ਕੋਈ ਖਾਸ ਵਾਧਾ ਨਹੀ ਹੋਇਆ ਪਰ ਪ੍ਰਵਾਸ ਨੇ ਆਬਾਦੀ ਵਧਾਈ ਹੈ ਜਦ ਕਿ ਸਹੂਲਤਾ ਉਹੀ ਹਨ ,ਅਤੇ ਆਬਾਦੀ ਵਧਣ ਕਾਰਨ ਸਿਸਟਮ ਕਲੈਪਸ ਹੋਣ ਦੇ ਕੰਢੇ ਹੈ ।ਹੁਣ ਵਿਰੋਧੀ ਧਿਰ ਦੇ ਲੀਡਰਾਂ ਦੇ ਇਹ ਬਿਆਨ ਕਿੰਨੇ ਕੁ ਆਪਣੀ ਸਰਕਾਰ ਤੇ ਸਿਰੇ ਲੱਗਦੇ ਹਨ ਜਾਂ ਸਿਰਫ ਆਪਣੀ ਕੁਰਸੀ ਪੱਕੀ ਕਰਨ ਤੋ ਪਹਿਲਾਂ ਦੀ ਤਿਆਰੀ ਹੀ ਹੋਵਗੀ। ਇਹ ਆਪਣੇ ਆਪ ਵਿੱਚ ਇੱਕ ਵੱਡਾ ਸਵਾਲ ਹੈ। ਪੀਅਰ ਹੋਰੀ ਗੱਲਾਂ ਤਾਂ ਸੱਚੀਆ ਕਰਦੇ ਜਾਪਦੇ ਹਨ ਪਰ ਜਦੋ ਆਪ ਕੁਰਸੀ ਤੇ ਬੈਠਣਗੇ ਉਦੋ ਵੀ ਲੋਕਾਂ ਦੇ ਹੱਕ ਦੀ ਗੱਲ ਕਰਨਗੇ? ਭਾਵ ਕਿ ਅਫੋਰਡਿਬਿਲਟੀ, ਐਕਸ ਦਾ ਟੈਕਸ, ਮਾਰਗੇਜ ਵਿਆਜ ਦਰਾਂ ,ਬੀਮਾ ਰੇਟ, ਅਤੇ ਕਰਿਆਨਾ ਵਗੈਰਾ । ਲੋਕਲ ਸਿਆਸਤ ਵੱਲ ਮੋੜ ਕੱਟਦੇ ਹੋਏ ਦੇਖਦੇ ਹਾਂ ਕਿ ਲੰਘੇ ਜੂਨ ਮਹੀਨੇ ਵਿੱਚ ਵਾਟਰ ਮੇਨ ਬਰੇਕ ਸਾਰੇ ਕੈਲਗਰੀ ਵਾਸੀਆ ਨੂੰ ਯਾਦ ਹੋਵੇਗਾ। ਇਸੇ ਸੰਦਰਭ ਵਿੱਚ ਖਬਰ ਹੈ ਕਿ 26 ਅਗਸਤ ਤੋਂ ਦਰਜਾ ਚਾਰ ਦੀਆਂ ਪਾਬੰਦੀਆ ਫਿਰ ਤੋ ਲੱਗ ਗਈਆ ਹਨ ਅਤੇ ਸਿਟੀ ਵੱਲੋਂ ਪਾਣੀ ਸੰਜਮ ਨਾਲ ਵਰਤਣ ਦੀ ਅਪੀਲ ਵਾਰ ਵਾਰ ਕੀਤੀ ਜਾ ਰਹੀ ਹੈ ਅਤੇ ਇੱਕ ਜੁੰਮੇਵਾਰ ਸ਼ਹਿਰੀ ਦੀ ਭੂਮਿਕਾ ਸਾਨੂੰ ਸਾਰਿਆ ਨੂੰ ਨਿਭਾਉਣੀ ਚਾਹੀਦੀ ਹੈ ਤਾਂ ਕਿ ਔਖੇ ਸਮੇ ਵਿੱਚੋਂ ਦੀ ਸੌਖਿਆ ਲੰਘਿਆ ਜਾ ਸਕੇ ਜਿਵੇਂ ਕਿ ਪਹਿਲਾਂ ਕੈਲਗਰੀ ਵਾਸੀਆ ਨੇ ਔਖਾ ਸਮਾਂ ਲੰਘਾਇਆ ਹੈ। ਉਧਰ ਇੰਸੋਰੈਸ ਬਿਓਰੋ ਆਫ ਕਨੇਡਾ ਨੇ ਜੈਸਪਰ ਪਾਰਕ ਵਿੱਚ ਅਗਜਨੀ ਨਾਲ ਹੋਏ ਨੁਕਸਾਨ ਦਾ ਵੇਰਵਾ ਦਿੰਦਿਆ ਅਨੁਮਾਨ 880 ਮਿਲੀਅਨ ਡਾਲਰ ਦੱਸਿਆ ਹੈ ,ਅਤੇ ਕੈਲਗਰੀ ਸ਼ਹਿਰ ਦੀ ਗੜੇਮਾਰੀ ਦਾ ਅਨੁਮਾਨ ਇੱਕ ਬਿਲੀਅਨ ਡਾਲਰ ਤੋ ਟੱਪਣ ਦੀ ਸੰਭਾਵਨਾ ਦੱਸੀਦੀ ਹੈ ਪਰ ਕੀ ਇਹ ਕੰਪਨੀਆਂ ਲੰਘੇ ਸਮੇਂ ਵਿੱਚ ਹੋਏ ਲਾਭ ਬਾਰੇ ਵੀ ਚਾਨਣਾ ਪਾਉਣ ਦੀ ਕ੍ਰਿਪਾਲਤਾ ਕਰਨਗੀਆਂ, ਜਾਂ ਫਿਰ ਨੁਕਸਾਨ ਗਿਣਵਾ ਕੇ ਬੀਮਾ ਕਿਸ਼ਤਾ ਵਧਾ ਕੇ ਲੋਕਾਂ ਦਾ ਹੋਰ ਕਚੂੰਬਰ ਕੱਢਣਗੀਆਂ। ਸਾਡੀਆ ਸਥਾਨਕ ਸਰਕਾਰਾਂ ਨੂੰ ਇਸ ਵਿੱਚ ਦਖਲ ਦੇ ਕੇ ਲੋਕਾਂ ਦੇ ਪੱਖ ਦੀ ਗੱਲ ਵੀ ਕਰਨੀ ਚਾਹੀਦੀ ਹੈ ਅਤੇ ਘਰਾਂ ਨੂੰ ਹੋਰ ਸੁਰੱਖਿਅਤ ਅਤੇ ਮਜ਼ਬੂਤ ਬਣਾਉਣ ਲਈ ਬਿਲਡਰਾਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਤਾਂ ਜੋ ਇਹ ਬੇਲੋੜੀਆਂ ਇੰਸੋਰੇਸ ਕੀਮਤਾ ਦੇ ਵਾਧਿਆ ਨੂੰ ਨੱਥ ਪਾਈ ਜਾ ਸਕੇ । ਪਾਠਕਾਂ ਨੂੰ ਆਪਣੇ ਹਲਕੇ ਦੇ ਲੀਡਰਾਂ ਨਾਲ ਸੰਪਰਕ ਕਰ ਇਸ ਵਿਚਾਰ ਤੇ ਸੋਚਣਾ ਚਾਹੀਦਾ ਹੈ ਤਾਂ ਜੋ ਸਿਆਸੀ ਤੌਰ ਤੇ ਪ੍ਰੈਸ਼ਰ ਬਣਾਇਆ ਜਾਣਾ ਚਾਹੀਦਾ ਹੈ । ਰੱਬ ਰਾਖਾ

# ਸਲਮਾਨ ਤਾਸੀਰ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਸਲਮਾਨ ਤਾਸੀਰ**

31 ਮਈ, 1944 ਨੂੰ ਅੱਜਕੱਲ ਭਾਰਤੀ ਸੂਬੇ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਵਿੱਚ ਸਲਮਾਨ ਤਾਸੀਰ ਦਾ ਜਨਮ ਹੋਇਆ ਸੀ। ਉਸ ਦੀ ਮਾਂ ਦਾ ਨਾਮ ਕ੍ਰਿਸਟੌਬੈਲ ਜੌਰਜ ਸੀ ਜਿਹੜੀ ਅੰਗਰੇਜ਼ ਔਰਤ ਸੀ ਤੇ ਵਿਆਹ ਪਿਛੋਂ ਉਸ ਨੇ ਆਪਣਾ ਨਾਮ ਬਿਲਕਿਸ ਰੱਖ ਲਿਆ ਸੀ। ਸਲਮਾਨ ਤਾਸੀਰ ਦੇ ਪਿਤਾ ਦਾ ਜਨਮ ਅੰਮ੍ਰਿਤਸਰ ਦੇ ਅਜਨਾਲਾ ਵਿੱਚ ਹੋਇਆ ਸੀ ਤੇ ਉਹ ਮੁਹੰਮਡਨ ਐਂਗਲੋ ਓਰਿਐਂਟਲ ਕਾਲਜ, ਅੰਮ੍ਰਿਤਸਰ ਵਿੱਚ ਪ੍ਰੋਫ਼ੈਸਰ ਸਨ। ਸਲਮਾਨ ਤਾਸੀਰ ਦੇ ਮਾਤਾ ਪਿਤਾ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਪਾਕਿਸਤਾਨ ਚਲੇ ਗਏ ਸਨ। ਪਿਤਾ ਦੀ ਮੌਤ 1950 ਵਿੱਚ ਹੋ ਗਈ ਤੇ ਮਾਂ ਨੇ ਉਹਨਾਂ ਨੂੰ ਬਹੁਤ ਗ਼ਰੀਬੀ ਵਿੱਚ ਪਾਲਿਆ। ਉਹ ਨਵਾਜ਼ ਸ਼ਰੀਫ਼ ਦੇ ਕਲਾਸਫੈਲੋ ਸਨ ਤੇ ਉਹਨਾਂ ਨੇ ਲੰਡਨ ਤੋਂ ਚਾਰਟਰਡ ਅਕਾਊਂਟੈਂਟ ਦੀ ਪੜ੍ਹਾਈ ਮੁਕੰਮਲ ਕੀਤੀ। ਉਹਨਾਂ ਨੇ ਦੋ ਵਿਆਹ ਕਰਵਾਏ - ਪਹਿਲੀ ਪਤਨੀ ਤੋਂ ਦੋ ਬੇਟੀਆਂ ਹੋਇਆਂ ਤੇ ਦੂਜੇ ਵਿਆਹ ਤੋਂ ਦੋ ਬੇਟੇ ਹੋਏ। ਉਹਨਾਂ ਨੇ ਦੋ ਪ੍ਰੇਮਿਕਾਵਾਂ ਵੀ ਰੱਖੀਆਂ ਹੋਈਆਂ ਸਨ ਜਿਹਨਾਂ ਵਿਚੋਂ ਇਕ ਭਾਰਤੀ ਔਰਤ ਤਵਲੀਨ ਸਿੰਘ ਸੀ। ਤਵਲੀਨ ਸਿੱਖ ਪਰਿਵਾਰ ਵਿਚੋਂ ਹੈ ਤੇ ਪ੍ਰਸਿੱਧ ਭਾਰਤੀ ਕਾਲਮਨਵੀਸ, ਰਤਜਨੀਤਕ ਲੇਖਿਕਾ ਤੇ ਸਾਹਿਤਕਾਰ ਹੈ। ਉਸ ਤੋਂ ਉਹਨਾਂ ਦਾ ਇਕ ਬੇਟਾ ਆਤਿਸ਼ ਤਾਸੀਰ ਹੈ। ਸਲਮਾਨ ਤਾਸੀਰ ਦੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੁਖੀ ਜ਼ੁਲਫਿਕਾਰ ਅਲੀ ਭੁੱਟੋ ਨਾਲ ਵੀ ਚੰਗੇ ਸੰਬੰਧ ਸਨ ਤੇ ਉਹਨਾਂ ਦੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਤੇ ਭੁੱਟੋ ਉੱਪਰ ਉਹਨਾਂ ਨੇ ਇਕ ਕਿਤਾਬ ਵੀ ਲਿਖੀ। ਉਹ ਤਿੰਨ ਵਾਰ ਪਾਕਿਸਤਾਨੀ ਪੰਜਾਬ ਅਸੰਬਲੀ ਦੇ ਮੈਂਬਰ ਰਹੇ ਤੇ ਉਹ ਫੈਡਰਲ ਵਜ਼ਾਰਤ ਵਿੱਚ ਇੰਡਸਟਰੀਜ਼, ਪ੍ਰੋਡਕਸ਼ਨ ਅਤੇ ਸਪੈਸ਼ਲ ਇਨਿਸ਼ੀਏਟਿਵਜ਼ ਬਾਰੇ ਮੰਤਰੀ ਵੀ ਰਹੇ। 2008 ਵਿੱਚ ਉਹਨਾਂ ਨੂੰ ਪਾਕਿਸਤਾਨੀ ਪੰਜਾਬ ਦਾ ਗਵਰਨਰ ਲਗਾਇਆ ਗਿਆ। 4 ਜਨਵਰੀ, 2011 ਨੂੰ ਉਹਨਾਂ ਦੇ ਆਪਣੇ ਹੀ ਬੌਡੀਗਾਰਡ ਮਲਿਕ ਮੁਮਤਾਜ਼ ਹੁਸੈਨ ਕਾਦਰੀ ਨੇ ਇਸਲਾਮਾਬਾਦ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਉਹਨਾਂ ਨੂੰ 24 ਗੋਲੀਆਂ ਲੱਗੀਆਂ ਸਨ। ਹੁਣ ਉਹਨਾਂ ਦੀ ਚਿੱਠੀ ਆਈ ਹੈ !

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ




ਪਿਆਰੇ ਰਿਸ਼ੀ,

ਤੇਰੀਆਂ ਪਿਛਲੀਆਂ ਚਿੱਠੀਆਂ ਸੁਣ ਕੇ ਦਿਲ ਕੀਤਾ ਕਿ ਮੈਂ ਵੀ ਤੈਨੂੰ ਇਕ ਖ਼ਤ ਲਿਖਾਂ ਤੇ ਆਪਣੇ ਮਨ ਦੀ ਗੱਲ ਸਾਂਝੀ ਕਰਾਂ। ਤੇਰੀਆਂ ਚਿੱਠੀਆਂ ਦੀ ਗੱਲ ਹੁਣ ਮਰੇ ਹੋਏ ਲੋਕਾਂ ਵਿੱਚ ਬਹੁਤ ਹੋਣ ਲੱਗੀ ਹੈ। ਮੈਨੂੰ ਪਤਾ ਨਹੀਂ ਕਿ ਧਰਤੀ 'ਤੇ ਜਿਉਂਦੇ ਲੋਕ ਵੀ ਇਹਨਾਂ ਚਿੱਠੀਆਂ ਦੀ ਕੋਈ ਗੱਲ ਕਰਦੇ ਹੋਣਗੇ ਕਿ ਨਹੀਂ। ਚੱਲ ਮੈਨੂੰ ਕੀ ? ਮੈਨੂੰ ਤਾਂ ਆਪਣੇ ਨਾਲ ਗ਼ਰਜ਼ ਹੈ ਕਿ ਤੂੰ ਮੇਰੀ ਗੱਲ ਜ਼ਰੂਰ ਕਰ ਦੇਵੇਂਗਾ।

ਓਇ...ਹੋਇ...ਹੋਇ...ਹੋਇ !

ਪਿਛਲੇ ਹਫ਼ਤੇ ਪਾਕਿਸਤਾਨ ਤੇ ਭਾਰਤ ਨੇ ਆਪੋ ਆਪਣੇ ਅਜ਼ਾਦੀ ਦਿਨ ਮਨਾਏ ਤੇ ਖ਼ੂਬ ਤਕਰੀਰਾਂ ਹੋਈਆਂ, ਸੁਣੀਆਂ। ਮੈਨੂੰ ਕਿਸੇ ਵੀ ਲੀਡਰ ਦੀ ਤਕਰੀਰ ਚੰਗੀ ਨਹੀਂ ਲੱਗੀ ਤੇ ਨਾ ਹੀ ਕਿਸੇ ਦੀ ਵੀ ਗੱਲ ਮਨ ਨੂੰ ਲੱਗੀ। ਆਪਣੀ ਤਕਰੀਰ ਵਿੱਚ ਭਾਰਤੀ ਵਜ਼ੀਰ-ਏ-ਆਜ਼ਮ ਨਰੇਂਦਰ ਮੋਦੀ ਨੇ ਕਿਹਾ ਕਿ ਔਰਤਾਂ ਨਾਲ ਹੁੰਦੇ ਬਲਾਤਕਾਰਾਂ ਦੀ ਚਰਚਾ ਹੀ ਨਾ ਕੀਤੀ ਜਾਵੇ ਸਗੋਂ ਮੁਲਜ਼ਮਾਂ ਨੂੰ ਮਿਲਣ ਵਾਲੀ ਸਜ਼ਾ ਦੀ ਵੀ ਢੁਕਵੀਂ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਅਪਰਾਧੀਆਂ ਦੇ ਮਨ ਵਿੱਚ ਡਰ ਪੈਦਾ ਹੋਵੇ।

ਓਇ...ਹੋਇ...ਹੋਇ...ਹੋਇ ! ਉਸ ਤੋਂ ਕੁਝ ਦਿਨ ਪਹਿਲਾਂ ਹੀ 9 ਅਗਸਤ ਵਾਲੇ ਦਿਨ ਪੱਛਮੀ ਬੰਗਾਲ ਵਿੱਚ ਇਕ ਟ੍ਰੇਨੀ ਡਾਕਟਰ ਦਾ ਬਲਾਤਕਾਰ ਕਰਨ ਮਗਰੋਂ ਕਤਲ ਕਰ ਦਿੱਤਾ ਗਿਆ ਸੀ ਤੇ ਪੂਰੇ ਭਾਰਤ ਵਿੱਚ ਇਸ ਗੱਲ ਦੀ ਚਰਚਾ ਕੀਤੀ ਜਾ ਰਹੀ ਸੀ। ਡਾਕਟਰਾਂ ਨੇ ਹੜਤਾਲ ਦਾ ਰਸਤਾ ਫੜਿਆ ਹੋਇਆ ਸੀ ਤੇ ਇਹ ਤਾਂ ਭਲਾ ਹੋਵੇ ਸੁਪਰੀਮ ਕੋਰਟ ਦਾ ਜਿਸ ਦੀਆਂ ਲਾਹਨਤਾਂ ਮਗਰੋਂ ਸਰਕਾਰ ਦੇ ਹੋਸ਼ ਟਿਕਾਣੇ ਆਏ ਅਤੇ ਹੜਤਾਲ ਖ਼ਤਮ ਹੋਈ !

ਓਇ...ਹੋਇ...ਹੋਇ...ਹੋਇ !

ਉੱਧਰ, ਇਸਲਾਮਾਬਾਦ ਵਿੱਚ ਵਜ਼ੀਰ-ਏ-ਆਜ਼ਮ ਸ਼ਹਿਬਾਜ਼ ਸ਼ਰੀਫ਼ ਨੇ 5 ਸਾਲਾ ਐਕਨੌਮਿਕ ਪਲੈਨ ਦਿੱਤਾ ਜਿਸ ਉੱਪਰ ਕਿਸੇ ਨੂੰ ਭੋਰਾ ਵੀ ਯਕੀਨ ਨਹੀਂ। ਰਿਸ਼ੀ ਭਾਈ, ਸਾਡੇ ਲੀਡਰ ਏਨਾ ਝੂਠ ਕਿਉਂ ਬੋਲਣ ਲੱਗ ਪਏ ਨੇ ਜਦੋਂ ਕਿ ਹੁਣ ਤਾਂ ਲੋਕਾਂ ਨੂੰ ਵੀ ਪਤਾ ਹੁੰਦੈ ਕਿ ਉਹ ਸਾਫ਼ ਸਾਫ਼ ਝੂਠ ਮਾਰ ਰਹੇ ਨੇ।

ਓਇ...ਹੋਇ...ਹੋਇ...ਹੋਇ !

ਤੁਸੀਂ ਤਾਂ ਧਰਤੀ ਦੇ ਬਾਸ਼ਿੰਦੇ ਹੋ, ਤੁਹਾਨੂੰ ਕੱਖ ਨਜ਼ਰ ਨਹੀਂ ਆਉਂਦਾ ਕਿ ਉਹ ਕੀ ਕਰ ਰਹੇ ਨੇ ਜਾਂ ਕਹਿ ਰਹੇ ਨੇ ? ਅਸੀਂ ਤਾਂ ਮਰ-ਮੁੱਕ ਚੁੱਕੇ ਲੋਕ ਹਾਂ ਪਰ ਫੇਰ ਵੀ ਸਾਨੂੰ ਸਭ ਕੁਝ ਨਜ਼ਰ ਆ ਰਿਹੈ ਕਿ ਤੁਹਾਨੂੰ ਬਹੁਤ ਹੀ ਸਾਫ਼ਗੋਈ ਨਾਲ ਠੱਗਿਆ ਜਾ ਰਿਹਾ ਐ ! ਤੁਹਾਡੀਆਂ ਨਜ਼ਰਾਂ ਨੂੰ ਕੀ ਹੋ ਗਿਐ, ਬਰਖ਼ੁਰਦਾਰ ?

ਪਿਛਲੇ ਦਿਨੀਂ ਇਕ ਸੈਨਸੇਸ਼ਨਲ ਖ਼ਬਰ ਆਈ ਪਾਕਿਸਤਾਨ ਤੋਂ। ਮੈਂ ਤਾਂ ਪਸੀਨੋ-ਪਸੀਨੀ ਹੋ ਗਿਆ ਸੁਣ ਕੇ। ਇਸ ਵੇਲੇ ਭਾਰਤ ਤੇ ਪਾਕਿਸਤਾਨ ਵਿੱਚ ਭਿਆਨਕ ਗਰਮੀ ਪੈ ਰਹੀ ਐ ਤੇ ਲੋਕਾਂ ਦਾ ਬੁਰਾ ਹਾਲ ਹੋ ਗਿਐ। ਦੋਹਾਂ ਮੁਲਕਾਂ ਵਿੱਚ ਕਹਿੰਦੇ ਬਿਜਲੀ ਆਉਂਦੀ ਕੋਈ ਨਹੀਂ !

ਓਇ...ਹੋਇ...ਹੋਇ...ਹੋਇ ! ਭਾਰਤੀ ਪੰਜਾਬ ਵਿੱਚ ਬਿਜਲੀ ਦਾ ਬਿਲ ਈ ਨਹੀਂ ਆਉਂਦਾ, ਮੈਂ ਸੁਣਿਐ ! ਪਾਕਿਸਤਾਨੀ ਪੰਜਾਬ ਵਿੱਚ ਚਲੋ, ਰੱਬ ਦਾ ਸ਼ੁਕਰ ਐ ਕਿ ਬਿਜਲੀ ਦਾ ਬਿਲ ਤਾਂ ਆਉਂਦੈ ! ਬਿਜਲੀ ਭਾਵੇਂ ਨਾ ਈ ਆਵੇ ! ਇਹ ਕਿਤੇ ਘੱਟ ਤਸੱਲੀ ਵਾਲੀ ਗੱਲ ਐ ਕਿ ਲੋਕਾਂ ਕੋਲ ਬਿਜਲੀ ਦੇ ਬਿਲ ਤਾਂ ਪਹੁੰਚ ਈ ਰਹੇ ਨੇ ! ਸੱਤਰ-ਅੱਸੀ ਹਜ਼ਾਰ ਰੁਪਏ ਦਾ ਬਿਲ ਆ ਰਿਹੈ ! ਬਿਜਲੀ ਲੱਭਦੀ ਨਹੀਂ ਤੇ ਬਿਲ ਹਜ਼ਾਰਾਂ ਵਿੱਚ !

ਓਇ...ਹੋਇ...ਹੋਇ...ਹੋਇ !

ਰਿਸ਼ੀ ਜੀ, ਉਥੇ ਹਸਪਤਾਲਾਂ ਦੇ ਮੁਰਦਾਘਰਾਂ ਵਿੱਚੋਂ ਏਅਰ ਕੰਡਿਸ਼ਨਰ ਗਾਇਬ ਹੋ ਗਏ ਸੁਣੀਦੇ ਨੇ ! ਇਕ ਮੁਰਦਾ ਆਇਆ ਮੇਰੇ ਕੋਲ ਪਿਛਲੇ ਦਿਨੀਂ...ਕਹਿੰਦਾ, ਗਵਰਨਰ ਸਾਹਿਬ ਮੇਰੀ ਡੈੱਡ ਬੌਡੀ ਤਿੰਨ ਦਿਨ ਮੌਰਗ ਜਾਂ ਮੁਰਦਾਘਰ ਵਿੱਚ ਪਈ ਰਹੀ ਤੇ ਉਸ ਵਿਚੋਂ ਪਸੀਨਾ ਆਉਂਦਾ ਰਿਹਾ, ਏਨੀ ਗ਼ਰਮੀ ਸੀ ਉਥੇ ! ਮੇਰੇ ਪਏ ਪਏ ਦੇ ਉੱਥੇ ਧੱਫੜ ਨਿੱਕਲ ਆਏ ਤੇ ਪਿੱਤ ਨਾਲ ਜਿਸਮ ਲਾਲ ਹੋ ਗਿਆ। ਮੈਂ ਫੇ ਇਧਰ ਆਉਣ ਤੋਂ ਪਹਿਲਾਂ ਉੱਥੇ ਬੈਠ ਕੇ ਆਪਣੀ ਬੌਡੀ ਨੂੰ ਗੱਤੇ ਦਾ ਪੱਖਾ ਝੱਲਦਾ ਰਿਹਾ। ਮੇਰੇ ਨਾਲ ਦੇ ਤਿੰਨ ਚਾਰ ਜਣੇ ਵੀ ਉਥੇ ਪਏ ਸੀ, ਉਹ ਵੀ ਵਿਚਾਰੇ ਪਸੀਨੋ-ਪਸੀਨੀ ਹੋਏ ਪਏ ਸੀ। ਮੈਂ ਉਹਨਾਂ ਨੂੰ ਵੀ ਝੱਲਿਆ ਪੱਖਾ !

ਓਇ...ਹੋਇ...ਹੋਇ...ਹੋਇ !

ਬਰਖ਼ੁਰਦਾਰ ! ਫੇਰ ਗੱਲ ਚੱਲੀ ਕਿ ਜਿਹੜੇ ਏ.ਸੀ. ਆਏ ਸੀ ਹਸਪਤਾਲ ਵਿੱਚ ਲੱਗਣ ਵਾਸਤੇ, ਉਹਨਾਂ ਦਾ ਪਤਾ ਕੀਤਾ ਜਾਵੇ। ਹੁਣ ਇਨਕੁਆਇਰੀ ਚੱਲ ਰਹੀ ਹੈ ਕਿ ਮੁਰਦਿਆਂ ਵਾਸਤੇ ਆਏ ਏ.ਸੀ. ਜਿਹਨਾਂ ਘਰਾਂ ਵਿੱਚ ਲੱਗੇ ਨੇ, ਉਥੋਂ ਵਾਪਸ ਲਿਆਂਦੇ ਜਾਣ। ਸੁਆਲ ਇਹ ਹੈ ਕਿ ਜਿਉਂਦਿਆਂ ਦੇ ਘਰੋਂ ਏ.ਸੀ. ਲਾਹ ਕੇ ਤੇ ਮੁਰਦਿਆਂ ਲਈ ਚਲਾ ਕੇ, ਜਿਉਂਦਿਆਂ ਨੂੰ ਈ ਮਾਰਨ ਹੋਇਆ ਨਾਇਹ ?! ਇਹਦਾ ਰੌਲਾ ਪਾ ਕੇ ਬੈਠੇ ਨੇ ਲੋਕ ਕਿ ਮੁਰਦਿਆਂ ਦੇ ਏ.ਸੀ ਲਗਾਓ ! ਓਇ...ਹੋਇ...ਹੋਇ...ਹੋਇ !

ਰਿਸ਼ੀ ਜੀ, ਦੋ ਸਾਲ ਪਹਿਲਾਂ ਰਿਪੋਰਟ ਆਈ ਸੀ, ਮੁਲਤਾਨ ਵਿੱਚ ਨਿਸ਼ਤਰ ਹਸਪਤਾਲ ਦੇ ਮੁਰਦਾਘਰ ਦੀ ਛੱਤ ਤੋਂ ਘੱਟੋ ਘੱਟ 200 ਲਾਸ਼ਾਂ ਲੱਭੀਆਂ ਸਨ ਜਿਹੜੀਆਂ ਸੜ-ਗਲ ਰਹੀਆਂ ਸਨ। ਉਹਦੀ ਇਨਕੁਆਇਰੀ ਲਈ 3 ਮੈਂਬਰੀ ਕਮੇਟੀ ਬਿਠਾਈ ਗਈ ਸੀ ਜਿਹਦੀ ਰਿਪੋਰਟ ਦਾ ਅਜੇ ਤੱਕ ਕਿਸੇ ਨੂੰ ਪਤਾ ਨਹੀਂ ਕਿ ਕੀ ਹੋਇਆ ਸੀ !

ਓਇ...ਹੋਇ...ਹੋਇ...ਹੋਇ ! ਹੁਣ ਇਕ ਹੋਰ ਖ਼ਬਰ ਆ ਰਹੀ ਐ ਕਿ ਮੁਰਦਿਆਂ ਦਾ ਪੋਸਟ ਮਾਰਟਮ ਕਰਨ ਵਾਲੀ ਇਕ ਐਂਬੂਲੈਂਸ ਈ ਚੋਰੀ ਹੋ ਗਈ ਐ ! ਗੱਲ ਚਾਹੇ ਫਸਟ ਵਲਡ ਦੀ ਹੋਵੇ, ਚਾਹੇ ਸੈਕੰਡ ਵਲਡ ਦੀ ਤੇ ਚਾਹੇ ਥਰਡ ਵਲਡ ਦੀ...ਹਾਲਾਤ ਸਾਰਿਆਂ ਦੇ ਹਮਾਮ ਵਿੱਚ ਨੰਗੇ ਹੋਣ ਵਾਲੇ ਈ ਨੇ !

ਤੁਹਾਡੇ ਅਮੇਰਿਕਾ ਦੇ ਔਰੇਗਨ ਸਟੇਟ ਵਿਚਲੇ ਓਂਟੈਰੀਓ ਸੇਂਟ ਐਲਫੌਂਸਸ ਮੈਡਿਕਲ ਸੈਂਟਰ ਵਿਚੋਂ ਇਕ ਮਰੀਜ਼ ਬਾਹਰ ਨਿੱਕਲ ਕੇ ਐਂਬੂਲੈਂਸ ਲੈ ਕੇ ਹੀ ਦੌੜ ਗਿਆ। ਇਹ ਐਂਬੂਲੈਂਸ ਦਿਨੇ ਸਾਢੇ ਬਾਰਾਂ ਵਜੇ, ਹਸਪਤਾਲ ਦੇ ਐਮਰਜੰਸੀ ਡ੍ਰਾਇਵ ਵੇਅ 'ਤੇ ਖੜ੍ਹੀ ਸੀ। ਜਦੋਂ ਉਹਦਾ ਪੈਟਰੋਲ ਮੁੱਕਿਆ ਉਦੋਂ ਉਹਨੇ ਇਹ ਖੜ੍ਹੀ ਕੀਤੀ। ਓਇ...ਹੋਇ...ਹੋਇ...ਹੋਇ ! ਫਸਟ ਵਲਡ ਦਾ ਹਾਲ ਦੇਖ ਲਉ. ਕਹਿੰਦੇ ਜੀਪੀਐਸ ਸਿਸਟਮ ਹੈ ਨਹੀਂ ਸੀ ਉਸ ਐਂਬੂਲੈਂਸ ਵਿੱਚ, ਨਹੀਂ ਤਾਂ ਝੱਟ ਪਤਾ ਲਗਾ ਲੈਣਾ ਸੀ ਉਹਨਾਂ ਨੇ !

ਬਰਖ਼ੁਰਦਾਰ ! ਗੱਲ ਚੱਲੀ ਸੀ ਬਿਜਲੀ ਦੀ ! ਪਾਕਿਸਤਾਨ ਵਿੱਚ ਬਿਜਲੀ ਏਨੀ ਮਹਿੰਗੀ ਹੋ ਗਈ ਐ ਕਿ ਲੋਕੀ ਕੁਨੈਕਸ਼ਨ ਕਟਵਾਉਣ ਲੱਗ ਪਏ ਨੇ ! ਯੌਮੇ-ਆਜ਼ਾਦੀ ਤੋਂ ਮਗਰੋਂ ਪੰਜਾਬ ਦੀ ਵਜ਼ੀਰ-ਏ-ਆਲਾ ਦੇ ਭਾਪਾ ਜੀ ਨਵਾਜ਼ ਸ਼ਰੀਫ਼ ਨੇ ਐਲਾਨ ਕੀਤੈ ਕਿ 500 ਯੂਨਿਟ ਦੀ ਖਪਤ ਕਰਨ ਵਾਲੇ ਲੋਕਾਂ ਨੂੰ 14 ਰੁਪਏ ਫੀ ਯੂਨਿਟ ਸਬਸਿਡੀ ਦੇਵਾਂਗੇ... ਤੇ ਇਹ ਸਬਸਿਡੀ ਜਾਰੀ ਰਹੂਗੀ ਪੂਰੇ 60 ਦਿਨ ਯਾਨੀ ਦੋ ਮਹੀਨੇ ! ਕਿੱਡਾ ਵੱਡਾ ਅਹਿਸਾਨ ਕੀਤਾ ਲੋਕਾਂ ਉੱਪਰ ਸਾਡੀ ਸਰਕਾਰ ਨੇ...ਪੂਰੇ ਦੋ ਮਹੀਨੇ ਬਿਜਲੀ ਸਬਸਿਡੀ ਮਿਲੂ !

ਰਿਸ਼ੀ, ਤੂੰ ਹੁਣ ਖ਼ੁਦ ਹੀ ਅੰਦਾਜ਼ਾ ਲਗਾ ਲੈ ਕਿ 14 ਰੁਪਏ ਫੀ ਯੂਨਿਟ ਤਾਂ ਸਬਸਿਡੀ ਮਿਲਣੀ ਐ, ਇਹਦਾ ਰੇਟ ਕਿਥੇ ਪਹੁੰਚਿਆ ਹੋਊ ! ਸਾਢੇ 48 ਰੁਪਏ ਫੀ ਯੂਨਿਟ ਬਿਜਲੀ ਦਾ ਬੇਸ ਰੇਟ ਲਿਆ ਜਾ ਰਿਹੈ !

ਓਇ...ਹੋਇ...ਹੋਇ...ਹੋਇ ! ਸਰਕਾਰ ਕਹੀ ਜਾਂਦੀ ਐ ਇਸ ਇਨਫ਼ਲੇਸ਼ਨ ਵਾਸਤੇ ਇਮਰਾਨ ਖਾਨ ਦੀ ਸਰਕਾਰ ਜ਼ਿੰਮੇਦਾਰ ਐ ਜਿਹਨੂੰ ਢਾਈ ਸਾਲ ਹੋ ਗਏ ਸਰਕਾਰ 'ਚੋਂ ਕੱਢੇ ਨੂੰ !

ਰਿਸ਼ੀ, ਵਜ਼ੀਰ-ਏ-ਆਜ਼ਮ ਦਾ ਇਹ ਵੀ ਦਾਵਾ ਹੈ ਕਿ ਲੋਕ ਬਿਜਲੀ ਚੋਰੀ ਕਰ ਰਹੇ ਹੇ ਤੇ ਇਸ ਦਾ ਜ਼ਿੰਮੇਦਾਰ ਵੀ ਇਮਰਾਨ ਖਾਨ ਹੀ ਹੈ ਜਿਹਨੇ ਲੋਕਾਂ ਨੂੰ ਚੋਰੀ ਕਰਨ ਦੀ ਇਹ ਆਦਤ ਪਾ ਦਿੱਤੀ। ਮੈਨੂੰ ਤਾਂ ਇਹ ਵੀ ਪਤਾ ਲੱਗੈ ਕਿ ਆਪਣੀ ਬੱਲੇ ਬੱਲੇ ਕਰਵਾਉਣ ਵਾਸਤੇ ਕਈ ਅਧਿਕਾਰੀ-ਔਫਿਸਰਜ਼ ਲੋਕਾਂ ਨੂੰ ਬਿਜਲੀ ਚੋਰੀ ਦੇ ਇਲਜ਼ਾਮ ਵਿੱਚ ਫੜੋ-ਫੜੀ ਵਿੱਚ ਲੱਗੇ ਹੋਏ ਨੇ ਇਨਾਮ ਹਾਸਲ ਕਰੀ ਜਾ ਰਹੇ ਨੇ !

ਓਇ...ਹੋਇ...ਹੋਇ...ਹੋਇ !

ਲੈ ਸੱਚ ! ਮੈਨੂੰ ਤੁਹਾਡੇ ਕੈਲਗਰੀ ਸ਼ਹਿਰ ਦਾ ਪੁਰਾਣਾ ਕੌਂਸਲਰ ਮਿਲਿਆ ਸੀ। ਡੇਲ ਹੌਜਿਜ਼ ਐ ਉਹਦਾ ਨਾਮ। 1983 ਤੋਂ 2013 ਤੱਕ ਉਹ 10 ਵਾਰੀ ਸਿਟੀ ਕੌਂਸਲਰ ਚੁਣਿਆ ਗਿਆ ਸੀ। 2023 ਦੇ ਨਵੇਂ ਸਾਲ ਵਾਲੇ ਦਿਨ ਉਹ ਇੱਧਰ ਆ ਗਿਆ ਸੀ। ਮੈਂ ਉਹਨੂੰ ਕਿਹਾ ਕਿ ਤੁਹਾਡਾ ਮੁਲਕ ਤੇ ਤੁਹਾਡਾ ਸ਼ਹਿਰ ਤਾਂ ਬਹੁਤ ਈ ਵਧੀਐ ਭਾਈ ! ਅਮੀਰ ਮੁਲਕ ਓ ਤੁਸੀਂ, ਅਮੀਰ ਸ਼ਹਿਰ ਓ ! ਲੋਕਾਂ ਦਾ ਢੂਆ ਸਾਡੀਆਂ ਸਰਕਾਰਾਂ ਵਾਂਗ ਹੀ ਕੁੱਟ ਕੁੱਟ ਕੇ ਤੁਸੀਂ ਵੀ ਚੋਖੀ ਮਾਲ ਕਮਾਈ ਕਰਦੇ ਓ ! ਉਹ ਤਾਂ ਮੇਰੀ ਗੱਲ ਸੁਣ ਕੇ ਸੜ-ਭੁੱਜ ਗਿਆ। ਉਹਨੇ ਮੈਨੂੰ ਲਾਜਵਾਬ ਈ ਕਰਤਾ, ਰਿਸ਼ੀ ਬਾਬੂ !

ਓਇ...ਹੋਇ...ਹੋਇ...ਹੋਇ ! ਮੈਨੂੰ ਤਾਂ ਬੜੀ ਓ ਸ਼ਰਮ ਆਈ ! ਕਹਿੰਦਾ...ਇਸ ਮਹੀਨੇ ਦੇ ਸ਼ੁਰੂ ਵਿੱਚ ਗੜੇ ਪਏ ਕੈਲਗਰੀ ਵਿੱਚ। ਲੋਕਾਂ ਦੀਆਂ ਛੱਤਾਂ, ਸਾਇਡਾਂ ਟੁੱਟ ਗਈਆਂ। ਕੌਂਸਲਰ ਨੇ ਵੱਡੇ ਵੱਡੇ ਬਿਨ ਧਰਵਾ ਦਿੱਤੇ ਪਈ ਇਹਦੇ ਵਿੱਚ ਆਹ ਹੋਈ ਟੁੱਟ ਭੱਜ ਦਾ ਗੰਦ ਪਾ ਦਿਉ ! ਪਈ ਅਸ਼ਕੇ ਜਾਈਏ ਤੁਹਾਡੇ ਲੋਕਾਂ ਦੇ...ਕਮਾਲ ਕਰਤੀ ਤੁਸੀਂ ਤਾਂ ! ਮੈਨੂੰ ਤਾਂ ਹੁਣ ਪਤਾ ਲੱਗਾ ਕਿ ਤੁਹਾਡੀਆਂ ਤਾਂ ਟੁਆਇਲੈਟ ਸੀਟਾਂ ਵੀ ਬਾਹਰ, ਖੁਲ੍ਹੇ ਵਿੱਚ ਹੀ ਹੁੰਦੀਆਂ ! ਤਾਂਹੀਓਂ ਗੜਿਆਂ ਨਾਲ ਟੁੱਟ ਗਈਆਂ ! ਤੇ ਸੋਫੇ ਵੀ ਬਾਹਰ ਪਏ ਸੀ ਜਿਹੜੇ ਪਾਟ ਗਏ ! ਨਾਲੇ ਗੱਦੇ !

ਓਇ...ਹੋਇ...ਹੋਇ...ਹੋਇ !

ਮੈਨੂੰ ਤਾਂ ਬੜਾ ਅਜੀਬ ਲੱਗਿਆ, ਰਿਸ਼ੀ ! ਕੌਂਸਲਰ ਹੌਜਿਜ਼ ਕਹਿੰਦਾ, ਉਸ ਬਿਨ ਵਿੱਚ ਟੁਆਇਲੈਟ ਸੀਟਾਂ, ਟਾਇਰ, ਬੱਚਿਆਂ ਦੇ ਸਟਰੌਲਰ, ਗੱਦੇ-ਗੱਦੀਆਂ, ਕੈਮਿਕਲਜ਼, ਪੁਰਾਣੀਆਂ ਫਰਿਜਾਂ, ਮਾਇਕਰੋਵੇਵਜ਼, ਲੋਕਾਂ ਨੇ ਤੁੰਨ-ਤੁੰਨ ਕੇ ਭਰ ਦਿੱਤੇ ਤੇ ਜਿਹੜਾ ਸਮਾਨ ਉਸ ਵਿੱਚ ਨਹੀਂ ਪਿਆ, ਉਹ ਉਸ ਦੇ ਨਾਲ ਲੱਗਦੀ ਖੁੱਲ੍ਹੀ ਥਾਂ 'ਤੇ ਸੁੱਟ ਗਏ। ਇਕ ਕਿਲੋਮੀਟਰ ਲੰਬੀ ਲਾਇਨ ਗਾਰਬੇਜ ਨਾਲ ਭਰ ਦਿੱਤੀ।

ਓਇ...ਹੋਇ...ਹੋਇ...ਹੋਇ !

ਮੈਂ ਕਿਹਾ, ਕਿ ਕਨੇਡਾ ਤਾਂ ਫਸਟ ਵਲਡ ਕੰਟਰੀ ਐ..ਇਹ ਕਿਵੇਂ ਹੋਇਆ ? ਉਹ ਬਣਾ-ਸੁਆਰ ਕੇ ਕਹਿੰਦਾ, ਤੁਹਾਡੇ ਲੋਕ ਤਾਂ ਥਲਡ ਵਲਡ ਤੋਂ ਈ ਆਏ ਐ ! ਉਹਨਾਂ ਦੀਆਂ ਲੱਤਾਂ ਈ ਕਨੇਡਾ ਆਈਆਂ, ਸਿਰ ਤਾਂ ਹਾਲੀ ਵੀ ਉਥੇ ਈ ਪਏ ਐ, ਸੋਚ ਤਾਂ ਉਥੇ ਵਾਲੀ ਓ ਤੁੰਨੀ ਪਈ ਐ ਇਹਨਾਂ ਦੇ ਸਿਰਾਂ ਵਿੱਚ ! ਇਹਨਾਂ ਨੂੰ ਕੋਈ ਪੁੱਛੇ, ਭਲਿਓਮਾਨਸੋ, ਜੇ ਗਾਰਬੇਜ ਬਿਨ ਭਰ ਗਿਆ ਸੀ ਤਾਂ 3-1-1 ਕਾਲ ਕਰ ਦਿੰਦੇ, ਉਹ ਹੋਰ ਬਿਨ ਰੱਖ ਜਾਂਦੇ !

ਓਇ...ਹੋਇ...ਹੋਇ...ਹੋਇ ! ਕੌਂਸਲਰ ਹੌਜਿਜ਼ ਕਹਿੰਦਾ, ਕਿੰਦਾਂ ਦੇ ਪੁਰਾਣੇ-ਪਾਟੇ-ਘਟੀਆ ਸਮਾਨ ਦੀ ਵਰਤੋਂ ਇਹ ਕਰ ਰਹੇ ਸੀ ਤੇ ਓਦਾਂ ਦਾ ਹੀ ਦਿਮਾਗ ਇਹਨਾਂ ਦਾ ਬਣ ਗਿਆ ਸੀ...ਵੈਸੇ ਤਾਂ ਚੰਗਾ ਈ ਹੋਇਆ...ਜੇ ਹੁਣ ਇਹ ਨਵਾਂ ਸਮਾਨ ਲੈ ਲੈਣਗੇ, ਤਾਂ ਖੌਰੇ ਇਹਨਾਂ ਦਾ ਦਿਮਾਗ਼ ਵੀ ਸਾਫ, ਨਵਾਂ-ਨਕੋਰ ਹੋ ਜਾਵੇ ! ਓਇ...ਹੋਇ...ਹੋਇ...ਹੋਇ !

ਮੈਨੂੰ ਕੌਂਸਲਰ ਡੇਲ ਹੌਜਿਜ਼ ਕਹਿੰਦਾ, ਤੁਹਾਡੇ ਲੋਕਾਂ ਦਾ ਤਾਂ ਸਰਿਆ ਈ ਪਿਐ ! ਕਦੀ ਪ੍ਰੈਸ਼ਰ ਕੁੱਕਰਾਂ ਪਿਛੇ ਕੁੱਤੇ-ਖਾਣੀ ਕਰਵਾਉਂਦੇ ਐ ਆਪਣੀ ਤੇ ਹੁਣ ਗਾਰਬੇਜ ਪਿੱਛੇ ਕਰਵਾ ਲਈ। ਉਹ ਕਹਿੰਦਾ, ਇਕ ਪੂਰਾ ਲੋਡ ਭਰ ਕੇ ਜੇ ਸਿਟੀ ਦੀ ਲੈਂਡਫਿਲ 'ਤੇ ਸੁੱਟਣਾ ਹੋਵੇ ਤਾਂ ਸਿਰਫ਼ 20-25 ਡਾਲਰ ਲੱਗਦੇ ਐ ! ਬੱਸ, ਉਹੀ ਆਪਣੇ 20-25 ਡਾਲਰ ਬਚਾਉਣ ਖਾਤਰ ਤੁਹਾਡੀ ਪੂਰੀ ਕਮਿਉਨਿਟੀ ਦਾ ਮੂੰਹ ਕਾਲਾ ਕਰਵਾ ਗਏ ! ਬੇਸ਼ਰਮਾਂ ਨੂੰ ਲੱਗਦੈ ਕਿ ਉਹ ਕਿਹੜਾ ਕਿਸੇ ਨੇ ਦੇਖੇ ਐ ਕਿ ਕੌਣ ਸੁੱਟ ਗਿਆ ਸਮਾਨ...ਬਦਨਾਮ ਸਾਰੀ ਕਮਿਉਨਿਟੀ ਹੋ ਗਈ !

ਓਇ...ਹੋਇ...ਹੋਇ...ਹੋਇ !

ਉਹ ਕਹਿਣ ਲੱਗਿਆ, ਵੈਸੇ ਤੁਹਾਡੀ ਤੋਇ ਤੋਇ ਬੜੀ ਹੋਈ ਐ, ਸਾਰੇ ਸ਼ਹਿਰ ਵਿੱਚ ! ਬੜੇ ਈ ਝੰਡੇ ਗੱਡੇ ਗਏ ਨੇ ਤੁਹਾਡੇ ! ਮੇਰਾ ਤਾਂ ਮੂੰਹ ਸ਼ਰਮ ਨਾਲ ਲਾਲ ਹੋ ਗਿਆ...ਪਈ ਆਹ ਕੀ ਕਰਵਾ'ਤਾ ਸਾਡੇ ਆਪਣਿਆਂ ਨੇ ਈ ! ਅੱਗੇ ਇਹਨਾਂ ਨੇ 68 ਸਟ੍ਰੀਟ ਨੂੰ ਗੰਦ ਸਟ੍ਰੀਟ ਬਣਾਇਆ ਹੋਇਆ ਸੀ ਤੇ ਹੁਣ ਤਾਂ ਗੜਿਆਂ ਦੇ ਗੰਦ ਵਿੱਚ ਆਪੋ ਆਪਣੇ ਦਿਮਾਗਾਂ ਦਾ ਗੰਦ ਵੀ ਦਿਖਾ'ਤਾ ਸ਼ਹਿਰ ਨੂੰ !

ਓਇ...ਹੋਇ...ਹੋਇ...ਹੋਇ !

ਸੁਣਿਐ, ਤੁਹਾਡੇ ਸ਼ਹਿਰ ਦੇ ਇਸ ਇਲਾਕੇ ਦੇ ਕੌਂਸਲਰ ਨੂੰ ਸਿਟੀ ਅਧਿਕਾਰੀਆਂ ਨੇ ਵਾਹਵਾ ਖਰੀਆਂ-ਖਰੀਆਂ ਸੁਣਾਈਆਂ ਤੇ ਉਹਨੂੰ ਵਿਚਾਰੇ ਨੂੰ ਮਾਫੀ ਵੀ ਮੰਗਣੀ ਪਈ ਐ !

ਓਇ...ਹੋਇ...ਹੋਇ...ਹੋਇ !

ਬਰਖ਼ੁਰਦਾਰ ਰਿਸ਼ੀ, ਤੁਹਾਡੀ ਇਕ ਮੀਡੀਆ ਸੰਸਥਾ ਐ ਸੀ.ਬੀ.ਸੀ....ਕੈਨੇਡੀਅਨ ਬ੍ਰੌਡਕਾਸਟਿੰਗ ਕੌਰਪੋਰੇਸ਼ਨ ! ਸੁਣਿਐ ਕਿ ਤੁਹਾਡੀ ਸਰਕਾਰ, ਤੁਹਾਡੇ ਕੋਲੋਂ ਟੈਕਸ ਲੈ ਕੇ ਇਸ ਸੰਸਥਾ ਨੂੰ ਦਿੰਦੀ ਐ ਲਗਪਗ ਇਕ ਬਿਲੀਅਨ ਡਾਲਰ ! ਸਰਕਾਰੀ ਮੀਡੀਆ ਅਦਾਰਾ ਹੈ ਇਹ ! ਇਹਨੇ ਸੈਂਕੜੇ ਕਰਮਚਾਰੀਆਂ ਨੂੰ ਨੌਕਰੀਓਂ ਕੱਢ ਕੇ, ਬਾਕੀ ਬਚੇ ਆਪਣੇ 1143 ਕਰਮਚਾਰੀਆਂ ਅਧਿਕਾਰੀਆਂ ਨੂੰ 15 ਮਿਲੀਅਨ ਡਾਲਰਾਂ ਦਾ ਬੋਨਸ ਵੰਡ ਦਿੱਤੈ ! ਸੱਤ ਅਧਿਕਾਰੀਆਂ ਨੂੰ 37 ਲੱਖ 93 ਹਜ਼ਾਰ ਦੇ ਗੱਫੇ ਮਿਲੇ ਨੇ...'ਕੱਲੇ-'ਕੱਲੇ ਨੂੰ 5 ਲੱਖ 40 ਹਜ਼ਾਰ ਡਾਲਰ ਹਿੱਸੇ ਆਏ ਨੇ ! ਜਿਹੜੀ ਇਹਨਾਂ ਦੀ ਬੀਬੀ ਮੁਖੀ ਐ ਸੀ.ਬੀ.ਸੀ. ਦੀ, ਉਹਨੂੰ ਕਿੰਨਾ ਬੋਨਸ ਮਿਲਿਐ, ਉਹਦੀ ਜਾਣਕਾਰੀ ਹੀ ਨਹੀਂ ਦੇ ਰਹੇ ਉਹ...ਪੈਸਾ ਲੋਕਾਂ ਦਾ, ਪਾਰਦਰਸ਼ਤਾ ਹੈ ਈ ਨਹੀਂ...ਸਰਕਾਰ ਤੁਹਾਡੀ ਗੂੰਗੀ ਹੋਈ ਬੈਠੀ ਐ !

ਓਇ...ਹੋਇ...ਹੋਇ...ਹੋਇ ! ਹੁਣ ਤੁਹਾਡੀ ਕੈਨੇਡੀਅਨ ਟੈਕਸ ਪੇਅਰਜ਼ ਫੈਡਰੇਸ਼ਨ ਨੇ ਮੁਕਦਮਾ ਕਰ ਦਿੱਤੈ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਕਿੰਨਾ ਕਿੰਨਾ ਬੋਨਸ ਤੇ ਹੋਰ ਭੱਤੇ ਸਹੂਲਤਾਂ ਇਹਨਾਂ ਅਧਿਕਾਰੀਆਂ ਨੂੰ ਦਿੱਤੇ ਗਏ ਨੇ ਤੇ ਕਿਉਂ !

ਰਿਸ਼ੀ ਸਾਹਬ, ਨਾ ਤੁਹਾਡੇ ਕੌਂਸਲਰ ਦੱਸਣ ਕਿ ਉਹਨਾਂ ਦੀਆਂ ਤਨਖਾਹਾਂ ਆਪਣੇ ਆਪ ਕਿਉਂ ਤੇ ਕਿਵੇਂ ਵਧ ਜਾਂਦੀਆਂ ਨੇ ਜਦੋਂ ਕਿ ਬਾਕੀ ਲੋਕਾਂ ਤਾਂ ਤਨਖਾਹਾਂ ਤਾਂ ਵਧਦੀਆਂ ਨਹੀਂ ਤੇ ਨਾ ਹੀ ਤੁਹਾਡੇ ਐਮ.ਪੀ. ਦੱਸਣ ਕਿ ਹਰ ਸਾਲ ਅਪ੍ਰੈਲ ਵਿੱਚ ਉਹਨਾਂ ਦੀ ਕਿਹੜੀ ਕਾਰਗ਼ੁਜ਼ਾਰੀ ਕਰਕੇ ਤਨਖਾਹ ਔਟੋਮੈਟਿਕਲੀ ਵਧ ਜਾਂਦੀ ਐ ਤੇ ਬਾਕੀ ਲੋਕ ਭੱਸੜ ਭਨਾਉਂਦੇ ਫਿਰਦੇ ਐ ! ਇਹਨਾਂ ਨੂੰ ਭੋਰਾ ਵੀ ਸ਼ਰਮ ਨਹੀਂ ਕਿ ਅਸੀਂ ਕੀ ਕਰ ਰਹੇ ! ਪਰ ਲੋਕਾਂ ਨੂੰ ਵੀ ਕਿਹੜਾ ਸ਼ਰਮ-ਹਯਾ ਹੈਗੀ ਐ ਕਿ ਅਸੀਂ ਓ ਈ ਬੰਦੇ ਬਣ ਜਾਈਏ ! ਦੋਵੇਂ ਧਿਰਾਂ ਇੱਕੋ ਜਿਹੀਆਂ ਹੋ ਗਈਆਂ ਤੇ ਕੌਣ ਕਹੇ, ਰਾਣੀਏ, ਅੱਗਾ ਢਕ !

ਓਇ...ਹੋਇ...ਹੋਇ...ਹੋਇ !

ਬਾਬੂ ਜੀ, ਤੁਹਾਡੇ ਮੁਲਕ ਵਿੱਚ ਅੱਜਕੱਲ ਲਿਬਰਲ ਪਾਰਟੀ ਦੇ ਦਿਨ ਕੁਝ ਜ਼ਿਆਦਾ ਚੰਗੇ ਨਹੀਂ ਚੱਲ ਰਹੇ ! ਪਰ ਕੀ ਤੁਸੀਂ ਕਦੀ ਕੰਜ਼ਰਵੇਟਿਵ ਪਾਰਟੀ ਵਾਲਿਆਂ ਕੋਲੋਂ ਪੁੱਛਿਐ ਕਿ ਜੇ ਉਹ ਸਰਕਾਰ ਵਿੱਚ ਆਏ ਤਾਂ ਕੀ ਉਹ ਯੂਨਿਵਰਸਲ ਫਾਰਮਾਕੇਅਰ ਲਿਆਉਣਗੇ ? ਨਸ਼ੇ ਦੀ ਲਤ ਨੂੰ ਕਾਬੂ ਕਰਨ ਲਈ ਉਹਨਾਂ ਦੀ ਕੀ ਯੋਜਨਾ ਹੈ ? ਅੰਮ੍ਰਿਤਸਰ ਨੂੰ ਫ਼ਲਾਇਟ ਚਲਾਉਣ ਤੋਂ ਪਹਿਲਾਂ ਦੇਸ਼ ਵਾਸੀਆਂ ਦੀ ਡਿੱਗ ਰਹੀ ਆਰਥਿਕ ਹਾਲਤ ਨੂੰ ਠੀਕ ਕਰਨ ਲਈ ਉਹਨਾਂ ਕੋਲ ਕੀ ਯੋਜਨਾ ਹੈ ? ਕਦੀ ਪੁੱਛ ਕੇ ਤਾਂ ਵੇਖੋ, ਯਾਰ !

ਚੱਲ ! ਰਿਸ਼ੀ, ਆਪਣੀ ਗੱਲ ਮੈਂ ਖ਼ਤਮ ਕਰਦਾਂ ! ਮੈਂ ਆਪਣੀ ਮੌਤ ਤੋਂ ਕੁਝ ਘੰਟੇ ਪਹਿਲਾਂ ਟਵਿਟਰ 'ਤੇ ਇਕ ਸ਼ੇਅਰ ਲਿਖਿਆ ਸੀ, ਤੈਨੂੰ ਵੀ ਸੁਣਾਉਨਾਂ ! ਸਾਨੂੰ ਖ਼ਤਰਾ ਬਾਹਰਲਿਆਂ ਤੋਂ ਨਹੀਂ ਬਲਕਿ ਡਰ ਇਸ ਗੱਲ ਦਾ ਹੈ ਕਿ ਕਿਤੇ ਸਾਡਾ ਆਪਣਾ ਬਾਗ ਹੀ ਸਾਨੂੰ ਸਾੜ ਕੇ ਰਾਖ ਨਾ ਕਰ ਦੇਵੇ !

ਸ਼ਕੀਲ ਬਦਾਯੂੰਨੀ ਦਾ ਇਹ ਸ਼ੇਅਰ ਐ:

'ਮੇਰਾ ਅਜ਼ਮ ਇਤਨਾ ਬੁਲੰਦ ਹੈ ਕਿ ਪਰਾਏ ਸ਼ੋਲੋਂ ਕਾ ਡਰ ਨਹੀਂ;
ਮੁਝੇ ਖੌਫ਼ ਆਤਿਸ਼ੇ ਗੁਲ ਸੇ ਹੈ ਕਹੀਂ ਯਹ ਚਮਨ ਕੋ ਜਲਾ ਨਾ ਦੇ'।

(My resolve is so strong that I do not fear the flames from without, I fear only the radiance of the flowers that it might burn my garden down.)

ਤੇਰਾ,
ਸਲਮਾਨ ਤਾਸੀਰ

# ਪੰਜਾਬ ਸਟੂਡੈਂਟਸ ਯੂਨੀਅਨ ਦੇ ਬਾਨੀ ਦਰਸ਼ਨ ਸਿੰਘ ਬਾਗੀ ਨਹੀਂ ਰਹੇ

ਦਰਸ਼ਨ ਸਿੰਘ ਬਾਗੀ ਉਰਫ ਖਹਿਰਾ 25 ਅਗਸਤ 2024 ਨੂੰ ਐਡਮੰਟਨ ਕੈਨੇਡਾ ਵਿਖੇ ਚੱਲ ਵਸੇ।ਉਨ੍ਹਾਂ ਦੀ ਉਮਰ 88 ਸਾਲ 5 ਮਹੀਨੇ ਸੀ।ਉਨ੍ਹਾਂ ਦਾ ਜਨਮ 23 ਮਾਰਚ 1936 ਨੂੰ ਰਿਹਾਨ ਚੱਕ,ਜਿਲ੍ਹਾ ਗੁੱਜਰਾਂਵਾਲਾ,ਲਹਿੰਦਾ ਪੰਜਾਬ(ਪਾਕਿਸਤਾਨ) ਵਿਖੇ ਹੋਇਆ ਸੀ।1947 ਦੀ ਵੰਡ ਤੋਂ ਬਾਅਦ ਦਾ ਉਨ੍ਹਾਂ ਦਾ ਜੱਦੀ ਪਿੰਡ ਬੀਂਬੜੀ (ਨੇੜੇ ਨਾਭਾ) ਹੈ।ਉਹ ਆਪਣੇ ਪਿੱਛੇ ਪਤਨੀ ਜਾਰਜੀਆ,ਪੁੱਤਰ ਗੁਰਦੀਪ ਸਿੰਘ ਖਹਿਰਾ ਅਤੇ ਪੁੱਤਰੀ ਦਵਿੰਦਰ ਕੌਰ ਛੱਡ ਗਏ ਹਨ।ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਏ.(ਸਮਾਜ ਵਿਗਿਆਨ) ਅਤੇ ਹਿਮਾਚਲ ਯੂਨੀਵਰਸਿਟੀ ਸ਼ਿਮਲਾ ਤੋਂ ਐਮ.ਐਂਡ. ਕੀਤੀ ਸੀ।ਉਨ੍ਹਾਂ ਵੱਲੋਂ ਪੰਜਾਬ ਦੀ ਵਿਦਿਆਰਥੀ ਲਹਿਰ 'ਚ ਇਤਿਹਾਸਕ ਭੂਮਿਕਾ ਨਿਭਾਈ ਗਈ। 1 ਮਾਰਚ 1964 ਨੂੰ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਅਤੇ 28 ਫਰਵਰੀ 1965 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਥਾਪਨਾ 'ਚ ਉਨ੍ਹਾਂ ਨੇ ਮੋਹਰੀ ਰੋਲ ਅਦਾ ਕੀਤਾ।ਇਨ੍ਹਾਂ ਜਥੇਬੰਦੀਆ ਦੀ ਅਗਵਾਈ 'ਚ ਪਹਿਲਾਂ ਚੰਡੀਗੜ੍ਹ ਅਤੇ ਫਿਰ ਪੰਜਾਬ 'ਚ ਅਨੇਕਾਂ ਵਿਦਿਆਰਥੀ ਸੰਘਰਸ਼ ਲੜੇ ਗਏ।ਕੁੱਝ ਕੁ ਦਾ ਲਾਜ਼ਮੀ ਜਿਕਰ ਕਰਨਾ ਬਣਦਾ ਹੈ।1964 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ 'ਚ ਪਹੁੰਚੇ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੇ ਆਗੂਆਂ ਕ੍ਰਿਸ਼ਨ ਮੁਰਾਰੀ ਅਤੇ ਦਰਸ਼ਨ ਸਿੰਘ ਬਾਗੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਸੀ। 18 ਨਵੰਬਰ 1966 ਨੂੰ ਲਾਅ ਦੇ ਵਿਦਿਆਰਥੀਆਂ ਦੀ ਯੂਨੀਅਨ ਵੱਲੋਂ ਦਿੱਲੀ ਵਿਖੇ ਵਿਦਿਆਰਥੀਆਂ ਦਾ ਮਾਰਚ ਰੱਖਿਆ ਹੋਇਆ ਸੀ।ਇਸ ਤੋਂ ਪਹਿਲਾਂ ਹੀ ਇਸ ਦੀ ਹਮਾਇਤ 'ਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਦੀ ਹੈਸੀਅਤ 'ਚ ਸਰਗਰਮੀ ਕਰ ਰਹੇ ਦਰਸ਼ਨ ਸਿੰਘ ਬਾਗੀ ਅਤੇ ਯੂਨੀਅਨ ਦੇ ਮੀਤ ਪ੍ਰਧਾਨ ਗੰਗਾ ਰਾਮ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਅੰਬਾਲਾ ਜੇਲ੍ਹ 'ਚ ਬੰਦ ਕਰ ਦਿੱਤਾ ਸੀ।ਦਰਸ਼ਨ ਬਾਗੀ ਦੀ ਅਗਵਾਈ 'ਚ ਸਭ ਤੋਂ ਲੰਬਾ ਅਤੇ ਵਿਆਪਕ ਸੰਘਰਸ਼ 1968 'ਚ ਦੋ ਪ੍ਰਿੰਸੀਪਲਾਂ ਖਿਲਾਫ ਲੜਿਆ ਗਿਆ।ਇਹ ਸਨ ਸਰਕਾਰੀ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਸ੍ਰੀ ਓ.ਪੀ.ਭਾਰਦਵਾਜ ਅਤੇ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਸ. ਗੁਰਸੇਵਕ ਸਿੰਘ ।ਸਤੰਬਰ ਮਹੀਨੇ 'ਚ ਸ਼ੁਰੂ ਹੋਏ ਇਸ ਸੰਘਰਸ਼ ਦੁਰਾਨ ਅਨੇਕਾਂ ਥਾਵਾਂ ਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਤਰਨਤਾਰਨ (14 ਨਵੰਬਰ) ਅਤੇ ਸੁਧਾਰ (12 ਦਸੰਬਰ ) ਵਿਖੇ ਪੁਲਿਸ ਵੱਲੋਂ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਗੋਲੀਆਂ ਚਲਾਈਆਂ ਗਈਆਂ ਜਿਸ ਦੇ ਸਿੱਟੇ ਵਜੋਂ ਤਰਨਤਾਰਨ ਵਿਖੇ ਅਜਾਇਬ ਸਿੰਘ,ਲਖਮੀਰ ਸਿੰਘ ਰਸੂਲਪੁਰ ਅਤੇ ਸੁਰਮੇਲ ਸਿੰਘ ਜ਼ਖਮੀ ਹੋ ਗਏ ਸਨ ਅਤੇ ਸੁਧਾਰ ਵਿਖੇ ਵਿਦਿਆਰਥੀ ਆਗੂ ਜਗਤਾਰ ਸਿੰਘ ਸ਼ਹੀਦ ਹੋ ਗਿਆ ਸੀ।ਇਸੇ ਲੜੀ ਵਜੋਂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 19 ਦਸੰਬਰ ਨੂੰ ਸ਼ਹੀਦੀ ਦਿਨ ਦੇ ਤੌਰ ਤੇ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ ਜਿਸ ਦਿਨ ਦਰਸ਼ਨ ਸਿੰਘ ਬਾਗੀ ਨੂੰ ਪਟਿਆਲੇ ਤੋਂ ਗ੍ਰਿਫਤਾਰ ਕਰਕੇ ਪੀ.ਡੀ. ਐਕਟ ਤਹਿਤ ਪਟਿਆਲਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਿੱਥੇ ਉਹ ਸਾਲ ਭਰ ਕੈਦ 'ਚ ਰਹੇ।1971 'ਚ ਉਹ ਕਨੇਡਾ ਚਲੇ ਗਏ।ਆਪਣੇ ਦੋਸਤਾਂ ਦੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ ਉਨ੍ਹਾਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ ਨਾਂ ਦੀ ਪੁਸਤਕ ਦੀ ਰਚਨਾ ਕੀਤੀ।ਇਹ ਪੁਸਤਕ 12 ਸਤੰਬਰ 2018 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰਿਲੀਜ ਕੀਤੀ ਗਈ ਜਿੱਥੇ ਬਾਗੀ ਦੇ ਪੁਰਾਣੇ ਸਾਥੀ ਦਰਸ਼ਨ ਖਟਕੜ ਬਾਬਾ ਸੁਖਚੈਨ ਸਿੰਘ,ਕਰਤਾਰ ਸਿੰਘ ਬਰਾੜ ਅਤੇ ਕਰਨੈਲ ਅਕਲੀਆ ਆਦਿ ਉਚੇਚੇ ਤੌਰ ਤੇ ਪਹੁੰਚੇ ਸਨ। ਮੈਨੂੰ ਵੀ ਇਸ ਮੌਕੇ ਹਾਜ਼ਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਆਪਣੀ ਪੁਸਤਕ ਪੰਜਾਬ ਸਟੂਡੈਂਟਸ ਯੂਨੀਅਨ :ਇਤਿਹਾਸ ਦੀਆਂ ਝਲਕਾਂ ਲਿਖਣ ਤੋਂ ਪਹਿਲਾਂ ਮੈਂ ਉਨ੍ਹਾਂ ਨਾਲ ਦੋ ਵਾਰ ਟੈਲੀਫੋਨ ਤੇ ਲੰਬੀ ਚੌੜੀ ਗੱਲਬਾਤ ਕੀਤੀ ਜਿਸ ਦੌਰਾਨ ਉਹ ਬਹੁਤ ਖੁਸ਼ ਹੋਏ ਅਤੇ ਇੱਕ ਜਿੰਦਾਦਿਲ ਇਨਸਾਨ ਦੀ ਤਰ੍ਹਾਂ ਮੇਰੇ ਸੁਆਲਾਂ ਦਾ ਜੁਆਬ ਦਿੰਦੇ ਰਹੇ। ਪਹਿਲੀ ਗੱਲਬਾਤ ਦੇ ਅੰਤ ਤੇ ਉਨ੍ਹਾਂ ਕਿਹਾ ਸੀ: ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਆਪਾਂ ਕਿਸੇ ਕਾੱਫੀ ਹਾਊਸ 'ਚ ਬੈਠੇ ਹੋਈਏ।ਇਹ ਉਨ੍ਹਾਂ ਦੀ ਪੁਸਤਕ ਦੀ ਬਦੌਲਤ ਹੀ ਸੀ ਕਿ ਮੈਂ ਉਨ੍ਹਾਂ ਦੇ ਪੁਰਾਣੇ ਸਾਥੀਆਂ ਮਰਹੂਮ ਇੰਦਰਜੀਤ ਬਿੱਟੂ,ਪ੍ਰੋ ਭੁਪਿੰਦਰ ਸਿੰਘ,ਬਰਜਿੰਦਰ ਸਿੰਘ ਮਹਿਮਾ ਸਰਕਾਰੀ ,ਕਰਤਾਰ ਸਿੰਘ ਬਰਾੜ,ਕਰਨੈਲ ਸਿੰਘ ਅਕਲੀਆ,ਕਾ.ਦਰਸ਼ਨ ਖਟਕੜ,ਡਾ. ਪਿਆਰੇ ਮੋਹਨ ਆਦਿ ਨਾਲ ਪੀ.ਐਸ.ਯੂ. ਦੇ ਇਤਿਹਾਸ ਬਾਰੇ ਮਹੱਤਵ ਪੂਰਨ ਮੁਲਾਕਾਤਾਂ ਕਰ ਸਕਿਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਚਾਰ ਰਚਨਾਵਾਂ ਲਿਖੀਆਂ ਸਨ:



1.ਸਿਆੜਾਂ ਦੀ ਮਹਿਕ (ਕਹਾਣੀ ਸੰਗ੍ਰਹਿ) 2.ਨਕਸਲਬਾੜੀ ਦੀ ਵਾਰ (ਮਹਾਂ ਕਾਵ)

3.ਯਾਦਾਂ ਦਾ ਸਫਰ (ਕਵਿਤਾ) 4.ਮਨੁੱਖ ਦੀ ਵਾਰ (ਮਹਾਂ ਕਾਵ)

1960 ਦੇ ਦਹਾਕੇ ਦੁਰਾਨ ਉਸ ਨੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਇੱਕ ਕੁਲਵਕਤੀ ਸਿਪਾਹੀ ਦੇ ਤੌਰ ਤੇ ਕੰਮ ਕੀਤਾ।ਉਸ ਦੀ ਇਸ ਘਾਲਣਾ ਨੂੰ ਸਲਾਮ ਕਰਨਾ ਬਣਦਾ ਹੈ।

**ਅਜੈਬ ਸਿੰਘ ਟਿਵਾਣਾ**
91 98157 93350






## 2027 ਵਿੱਚ ਕਾਂਗਰਸ ਪਾਰਟੀ ਹੀ ਆਪਣੀ ਸਰਕਾਰ ਬਣਾਵੇਗੀ

# ਐਮ ਪੀ ਗੁਰਜੀਤ ਸਿੰਘ ਔਜਲਾ ਨੇ ਕਿਹਾ ਐਨ ਆਰ ਆਈ ਨੂੰ ਪੰਜਾਬ ਵਿੱਚ ਕੋਈ ਖਤਰਾ ਨਹੀਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਬੀਤੇ ਦਿਨੀ ਪੰਜਾਬ ਤੋਂ ਮੈਂਬਰ ਪਾਰਲੀਮੈਂਟ ਸਰਦਾਰ ਗੁਰਜੀਤ ਸਿੰਘ ਔਜਲਾ ਕੈਲਗਰੀ ਵਿਖੇ ਆਪਣੇ ਹਲਕੇ ਦੇ ਲੋਕਾਂ ਨੂੰ ਮਿਲਣ ਲਈ ਰੱਖੇ ਗਏ ਇੱਕ ਸਮਾਗਮ ਵਿੱਚ ਪੁੱਜੇ। ਮੰਚ ਉਪਰੋਂ ਜੀ ਆਇਆਂ ਨੂੰ ਕਹਿਣ ਵਾਲੇ ਬੁਲਾਰਿਆਂ ਕੈਲਗਰੀ ਤੋਂ ਸਾਬਕਾ ਐਮ ਐਲ ਏ ਪ੍ਰਭ ਗਿੱਲ, ਅਮਨਜੋਤ ਸਿੰਘ ਪੰਨੂ, ਗੁਰੂ ਘਰ ਦੇ ਚੇਅਰਮੈਨ ਗੁਰਜੀਤ ਸਿੰਘ ਸਿੱਧੂ, ਪਰਮਵੀਰ ਸਿੰਘ ਬਾਠ ਨੇ ਮੰਚ ਉਪਰੋਂ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਸਬੰਧੀ ਗੱਲਬਾਤ ਕਰਦਿਆਂ ਬੋਲਦਿਆਂ ਕਿਹਾ ਕਿ ਔਜਲਾ ਸਾਹਿਬ ਤੁਸੀਂ ਸਾਡੇ ਚੁਣੇ ਹੋਏ ਨੁਮਾਇੰਦੇ ਹੋ। ਪ੍ਰਵਾਸੀ ਭਰਾ ਜਦੋਂ ਵੀ ਪੰਜਾਬ ਜਾਂਦੇ ਹਨ ਤਾਂ ਤੁਸੀਂ ਉਹਨਾਂ ਦੀ ਹਮੇਸ਼ਾ ਬਾਂਹ ਫੜਦੇ ਹੋ। ਪਰ ਨਿੱਤ ਦਿਹਾੜੇ ਵਾਪਰਦੀਆਂ ਘਟਨਾਵਾਂ ਕਾਰਣ ਪਰਵਾਸੀ ਪੰਜਾਬ ਵਿੱਚ ਜਾਣ ਸਮੇਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

ਮੰਚ ਉੱਪਰੋਂ ਬੋਲਦਿਆਂ ਮੈਂਬਰ ਪਾਰਲੀਮੈਂਟ ਸਰਦਾਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਜਦੋਂ ਵੀ ਕੋਈ ਪ੍ਰਵਾਸੀ ਭਰਾ ਉਹਨਾਂ ਦੇ ਸੰਪਰਕ ਵਿੱਚ ਆਇਆ ਹੈ ਤਾਂ ਉਹਨਾਂ ਨੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਹਰ ਹੀਲੇ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਅੰਮ੍ਰਿਤਸਰ ਤੋਂ ਕੈਲਗਰੀ ਸਿੱਧੀ ਹਵਾਈ ਸੇਵਾ ਸ਼ੁਰੂ ਕਰਨ ਲਈ ਵੀ ਕੈਨੇਡਾ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ । ਪੰਜਾਬ ਵਿੱਚ ਵਾਪਰਦੀਆਂ ਘਟਨਾਵਾਂ ਸਬੰਧੀ ਬੋਲਦਿਆਂ ਉਹਨਾਂ ਕਿਹਾ ਕਿ ਬੀਤੇ ਦਿਨੀ ਪੰਜਾਬ ਵਿੱਚ ਅੰਮ੍ਰਿਤਸਰ ਸਾਹਿਬ ਵਿਖੇ ਐਨ ਆਰ ਆਈ ਦੇ ਘਰ ਜਾ ਕੇ ਗੋਲੀਆਂ ਮਾਰਨ ਵਾਲੀ ਘਟਨਾ ਨਿੱਜੀ ਰੰਜਸ ਕਾਰਨ ਵਾਪਰੀ ਸੀ। ਇਸ ਲਈ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਘਟਨਾ ਦੀ ਪੁਖਤਾ ਜਾਣਕਾਰੀ ਹਾਸਿਲ ਕਰਕੇ ਫਿਰ ਹੀ ਉਹਨਾਂ ਨੂੰ ਸੋਸ਼ਲ ਮੀਡੀਆ ਉਪਰ ਸਾਂਝੀ ਕਰਨੀ ਚਾਹੀਦੀ ਹੈ । ਗੈਰ ਪੁਖਤਾ ਜਾਣਕਾਰੀ ਪਰਵਾਸੀਆਂ ਵਿੱਚ ਸਹਿਮ ਪੈਦਾ ਕਰਦੀ ਹੈ । ਉਹਨਾਂ ਪ੍ਰਵਾਸੀਆਂ ਨੂੰ ਸੱਦਾ ਦਿੱਤਾ ਕਿ ਆਓ ਤੁਸੀਂ ਪੰਜਾਬ ਆਓ ਉੱਥੇ ਤੁਸੀਂ ਸੁਰੱਖਿਅਤ ਹੋ ਤੁਹਾਨੂੰ ਕੋਈ ਖਤਰਾ ਨਹੀਂ । ਸਾਲ 2027 ਦੀਆਂ ਚੋਣਾਂ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇੰਡੀਆ ਵਿੱਚ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਹੀ ਬਣਾਵੇਗੀ ।ਇਸ ਮੌਕੇ ਫੋਰ ਐਸ ਇਮੀਗਰੇਸ਼ਨ ਵਾਲੇ ਹਰਮਿੰਦਰ ਸਿੰਘ ਸੰਧ, ਅਰਸ਼ ਪ੍ਰਤਾਪ ਸਿੰਘ ਔਲਖ, ਗੁਰਪ੍ਰੀਤ ਸੰਧਾਵਾਲੀਆ,ਅਵਨੀਤ ਸਿੰਘ ਤੇਜਾ, ਰਮਨ ਭੰਗੂ, ਸੁਖਬੀਰ ਸੰਧੂ ਅਤੇ ਮਾਝੇ ਹਲਕੇ ਦੇ ਬਹੁਤ ਸਾਰੇ ਲੋਕ ਇਸ ਸਮਾਗਮ ਵਿੱਚ ਹਾਜ਼ਿਰ ਸਨ ਇਸ ਸਮਾਗਮ ਦੀ ਸਟੇਜ ਦੀ ਸਮੁੱਚੀ ਕਾਰਵਾਈ ਡਾਕਟਰ ਹਰਭਜਨ ਸਿੰਘ ਢਿੱਲੋਂ ਨੇ ਬਾਖੂਬ ਨਿਭਾਈ।
















# 'ਸੰਦੂਕੜੀ ਖੋਲ੍ਹ ਨਰੈਣਿਆ' ਨਾਟਕ 21 ਸਤੰਬਰ 2024 ਨੂੰ ਕੈਲਗਰੀ ਵਿੱਚ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਆਵਾਜ਼ ਵੱਲੋਂ ਉੱਘੇ ਲੇਖਕ,ਐਕਟਰ,ਥੀਏਟਰ ਕਲਾਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਸੋਲੋ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਕੈਲਗਰੀ ਵਿੱਚ ਸ਼ਨੀਵਾਰ 21 ਸਤੰਬਰ, 2024 ਨੂੰ ਰੈਡ ਸਟੋਨ ਨਾਰਥ ਈਸਟ ਦੇ ਥੀਏਟਰ ਵਿੱਚ ਖੇਡਿਆ ਜਾਵੇਗਾ।ਇਹ ਸੋਲੋ ਨਾਟਕ ਡਾ ਸਾਹਿਬ ਸਿੰਘ ਵੱਲੋਂ ਆਪ ਹੀ ਖੇਡਿਆ ਜਾਵੇਗਾ, ਜਿਸ ਵਿੱਚ ਸਾਰੇ ਕਿਰਦਾਰ ਉਹ ਆਪ ਹੀ ਨਿਭਾਉਣਗੇ। ਇਸ ਨਾਟਕ ਸਮਾਗਮ ਦਾ ਪੋਸਟਰ ਐਤਵਾਰ 25 ਅਗਸਤ ਨੂੰ ਜੈਨੇਸਿਸ ਸੈਂਟਰ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਮੈਂਬਰਾਂ, ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰਾਂ, ਹੋਰ ਪਤਵੰਤੇ ਸੱਜਣਾਂ ਅਤੇ ਮੀਡੀਆ ਦੀ ਭਰਵੀਂ ਹਾਜ਼ਰੀ ਵਿੱਚ ਰਿਲੀਜ ਕੀਤਾ ਗਿਆ। ਮਾਸਟਰ ਭਜਨ ਸਿੰਘ ਹੋਰਾਂ ਨੇ ਨਾਟਕ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਮਾਗਮ ਵਿੱਚ 'ਸੰਦੂਕੜੀ ਖੋਲ੍ਹ ਨਰੈਣਿਆ' ਤੋਂ ਇਲਾਵਾ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵੱਲੋਂ ਇੱਕ ਹੋਰ ਨਾਟਕ ਐਲ ਐਮ ਆਈ ਏ ਵੀ ਖੇਡਿਆ ਜਾਵੇਗਾ। ਜੋ ਕਿ ਕਨੇਡਾ ਵਿੱਚ ਰੁਜਗਾਰ ਨਾਲ਼ ਸਬੰਧਤ ਸਮੱਸਿਆਵਾਂ ਨਾਲ਼ ਜੂਝ ਰਹੇ ਲੋਕਾਂ ਦੀ ਦਾਸਤਾਨ ਹੈ। ਨਾਟਕ ਦੀ ਤਿਆਰੀ ਸਬੰਧੀ ਡਾ: ਸਾਹਿਬ ਸਿੰਘ ਕੈਲਗਰੀ ਵਿੱਚ ਨਾਟਕਾਂ ਤੋਂ ਦੋ ਹਫਤੇ ਪਹਿਲਾਂ ਨਾਟਕ ਵਰਕਸ਼ਾਪ ਲਗਾਉਣਗੇ।ਇਸ ਨਾਟਕ ਦੀ ਟਿਕਟ $20 ਹੋਵੇਗੀ।ਦਰਸ਼ਕ ਨਾਟਕ ਦੀਆਂ ਟਿਕਟਾਂ ਮਾਸਟਰ ਭਜਨ ਸਿੰਘ 403-455-4220, ਹਰਚਰਨ ਪ੍ਰਹਾਰ 403-681-8689 ਜਾਂ ਕਮਲ ਪੰਧੇਰ 403-479-4220 ਨਾਲ਼ ਸੰਪਰਕ ਕਰਕੇ ਲਈ ਜਾ ਸਕਦੀਆਂ ਹਨ। ਪਿਛਲੇ ਨਾਟਕ ਸਮਾਗਮਾਂ ਵਿੱਚ ਟਿਕਟਾਂ ਪਹਿਲਾਂ ਹੀ ਵਿਕ ਜਾਂਦੀਆਂ ਹਨ, ਜਿਹੜੇ ਦਰਸ਼ਕ ਦੋਨੋਂ ਨਾਟਕ ਦੇਖਣਾ ਚਾਹੁੰਦੇ ਹਨ, ਉਹ ਆਪਣੀਆਂ ਟਿਕਟਾਂ ਪਹਿਲਾਂ ਹੀ ਲੈਣ।ਪ੍ਰਬੰਧਕਾਂ ਵਲੋਂ ਸਾਰੇ ਪੰਜਾਬੀ ਮੀਡੀਆ ਦਾ ਹਮੇਸ਼ਾ ਸਹਿਯੋਗ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।




# ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵਾਲੇ ਬਾਬਿਆਂ ਨੇ ਪਿਕਨਿਕ ਮਨਾਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਕੈਲਗਰੀ ਨੇ ਅਗਸਤ ਦੇ ਆਖਰੀ ਹਫਤੇ ਪ੍ਰੇਰੀਵਿੰਡਜ਼ ਪਾਰਕ ਵਿੱਚ ਲਗਭਗ 60 ਮੈਂਬਰਾਂ ਦੀ ਹਾਜ਼ਰੀ ਦੌਰਾਨ ਬੀਤ ਦੀਆਂ ਜਾ ਰਹੀਆਂ ਗਰਮੀਆਂ ਦੀ ਪਿਕਨਿਕ



ਮਨਾਈ । ਪ੍ਰਧਾਨ ਸੇਵਾ ਸਿੰਘ ਪ੍ਰੇਮੀ ਅਤੇ ਸਕੱਤਰ ਅਮਰੀਕ ਸਿੰਘ ਸਰੋਆ ਨੇ ਪ੍ਰੋਗਰਾਮ ਦਾ ਆਯੋਜਨ ਕੀਤਾ। ਸਭਨਾਂ ਨੂੰ ਜੀ ਆਇਆ ਕਹਿਣ ਉਪਰੰਤ ਪ੍ਰਧਾਨ ਨੇ ਨਵੇਂ ਆਏ ਹੋਰ ਪੰਜ ਮੈਂਬਰਾਂ ਸੁਰਜੀਤ ਸਿੰਘ ਨਿੱਝਰ, ਸੁਖਦੇਵ ਸਿੰਘ ਬੈਂਸ,ਜਸਪਾਲ ਸਿੰਘ ਬਰਾੜ ਅਤੇ ਉਹਨਾਂ ਦੇ ਪਰਿਵਾਰਾਂ ਦਾ ਨਿੱਘਾ ਸਵਾਗਤ ਕੀਤਾ।ਗੱਲਾਂ ਬਾਤਾਂ, ਕਵਿਤਾਵਾਂ ਅਤੇ ਮਨੋਰੰਜਨ ਭਰਪੂਰ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕੇਸਰ ਸਿੰਘ ਨੀਰ ਨੇ ਗਜ਼ਲ ਸੁਣਾਈ। ਬੰਦਾ ਕਿੱਥੇ ਜਿੰਦਗੀ ਅਰਾਮ ਨਾਲ ਕੱਟੇ ਕਵਿਤਾ ਬਲਵਿੰਦਰ ਸਿੰਘ ਬਿਰਦੀ ਦੇ ਹਿੱਸੇ ਆਈ। ਕੁਲਦੀਪ ਕੌਰ ਨੀਰ ਨੇ ਜਾਮਾ ਲੀਰੋ ਲੀਰ ਹੋ ਗਿਆ ਸ਼ਬਦ ਨਾਲ ਹਾਜ਼ਰੀ ਲਗਵਾਈ। ਸਤਵਿੰਦਰ ਕੌਰ ਫਰਵਾਨ ਨੇ, ਨੀ ਲੈਂਦੇ ਮਾਏ ਕਾਲਿਆਂ ਬਾਗਾਂ ਦੀ ਮਹਿੰਦੀ ਗਾ ਕੇ ਮਾਹੌਲ ਰੰਗੀਨ ਕਰ ਦਿੱਤਾ। ਜਰਨੈਲ ਤੱਗੜ ਨੇ ਐਸਾ ਕੋਈ ਪੈਗੰਬਰ ਦੇਖ ਰਚਨਾ ਪੇਸ਼ ਕੀਤੀ,ਜਦੋਂ ਕਿ ਜਗਦੀਸ਼ ਕੌਰ ਸਰੋਆ ਹੋਰਾਂ ਨੇ ਬਾਬਲ ਨੇ ਸੱਦੀਆਂ ਧੀਆਂ ਤਰੰਨਮ ਵਿੱਚ ਗਾ ਕੇ ਹਾਜ਼ਰੀ ਲਗਵਾਈ। ਗੁਰਦਿਆਲ ਸਿੰਘ ਖਹਿਰਾ ਨੇ ਬਟਨਾਂ ਦੀ ਕਰਾਮਾਤ ਬਾਰੇ ਬੜੀ ਹੀ ਹਾਸਰਸ ਕਵਿਤਾ ਪੇਸ਼ ਕੀਤੀ। ਜਗਜੀਤ ਸਿੰਘ ਵੈਦ ਹੋਰਾਂ ਨੇ ਚੜਦੇ ਸੂਰਜ ਢਲਦੇ ਦੇਖੇ -ਬੁਝਦੇ ਦੀਵੇ ਬਲਦੇ ਦੇਖੇ, ਬਾਬਾ ਬੁੱਲੇ ਸ਼ਾਹ ਦਾ ਕਲਾਮ ਪੇਸ਼ ਕੀਤਾ । ਮਾਸਟਰ ਆਇਆ ਸਿੰਘ ਹੋਰਾਂ ਸੇਖ ਫਰੀਦੈ ਖੈਰ ਦੀਜੈ ਬੰਦਗੀ ਸ਼ਬਦ ਨਾਲ ਹਾਜ਼ਰੀਨ ਨੂੰ ਗੁਰਬਾਣੀ ਨਾਲ ਜੋੜਿਆ। ਅਵਿਨਾਸ਼ ਰਾਣਾ ਨੇ ਆਪਣੇ ਅਨੋਖੇ ਢੰਗ ਨਾਲ ਹਾਸਿਆ ਭਰਪੂਰ ਮਾਹੌਲ ਸਿਰਜਿਆ। ਜੈਸੀ ਸਿੰਘ ਵੱਲੋਂ ਆਪਣੇ ਘਰੋਂ ਲਿਆਂਦੀ ਢੋਲਕੀ ਨਾਲ ਅਜਿਹਾ ਰੰਗ ਬੰਨਿਆ ਕਿ ਪਾਰਕ ਵਿੱਚ ਦੂਜੇ ਭਾਈਚਾਰਿਆਂ ਦੇ ਤੁਰੇ ਫਿਰਦੇ ਲੋਕ ਵੀ ਇਸਦਾ ਆਨੰਦ ਮਾਨਣ ਲੱਗੇ। ਖਾਣ ਪੀਣ ਦਾ ਆਨੰਦ ਮਾਣਦਿਆਂ ਕੁੱਝ ਮੈਂਬਰ ਤਾਸ਼ ਦੇ ਪੱਤਿਆਂ ਵੱਲ ਹੋ ਤੁਰੇ ਤੇ ਕੁੱਝ ਆਪਸ ਵਿੱਚ ਮੌਜੂਦਾ ਪੰਜਾਬ ਅਤੇ ਕਨੇਡਾ ਦੀ ਰਾਜਨੀਤੀ ਬਾਰੇ ਚ ਚਰਚਾ ਕਰਨ ਲੱਗੇ। ਸੁਰਜੀਤ ਸਿੰਘ ਹੇਅਰ ਜੀ ਨੇ ਅਖੀਰ ਵਿੱਚ ਚੁਟਕਲਿਆਂ ਦੀ ਵਰਖਾ ਕਰਕੇ ਸਭ ਨੂੰ ਹੱਸਣ ਤੇ ਮਜਬੂਰ ਕਰ ਦਿੱਤਾ।ਇਸ ਸਾਰੇ ਪ੍ਰੋਗਰਾਮ ਦੀ ਵੱਡੀ ਪ੍ਰਾਪਤੀ ਇਹ ਸੀ ਕਿ ਉੱਥੇ ਸਿਰਫ ਤੇ ਸਿਰਫ ਉਹੀ ਮਾਹੌਲ ਨਜ਼ਰ ਆ ਰਿਹਾ ਸੀ ਕਿ ਕਿਤੇ ਚਿੰਤਾ, ਇਕੱਲਾਪਣ ਜਾਂ ਆਲੇ ਦੁਆਲੇ ਫਿਕਰਮੰਦੀ ਨਹੀਂ ਸੀ। ਪ੍ਰੋਗਰਾਮ ਦੀ ਸਮਾਪਤੀ ਕਰਦਿਆਂ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਅਗਲੇ ਸਾਲ ਇਸੇ ਥਾਂ ਇਸੇ ਰੁੱਤ ਮਿਲਣ ਦੇ ਵਾਅਦੇ ਨਾਲ ਸਾਰਿਆਂ ਨੇ ਆਪੋ ਆਪਣੇ ਘਰਾਂ ਨੂੰ ਵਿਦਾਇਗੀ ਲਈ।


















NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring Long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)



ਫੇਸ 3 ਹੁਣ ਵੇਚ ਰਹੇ ਹਾਂ
Vermilion Hill
ਵਰਮਿਲੀਅਨ ਹਿੱਲ ਵਿੱਚ ਬੇਅੰਤ ਮਜ਼ੇ ਅਤੇ ਆਰਾਮਦਾਇਕ ਮਾਹੌਲ ਤੁਹਾਡੀ ਉਡੀਕ ਕਰ ਰਹੇ ਹਨ। ਫੇਜ਼ 3 ਦੀ ਬਹੁਤ ਉਮੀਦ ਕੀਤੀ ਜਾਣ ਵਾਲੀ ਰੀਲੀਜ਼ ਵਿੱਚ ਕਮਿਊਨਿਟੀ ਦਾ ਪਹਿਲਾ ਖੇਡ ਦਾ ਮੈਦਾਨ ਅਤੇ ਖੇਤਰ ਵਿੱਚ ਟਾਊਨਹੋਮਜ਼ ਦੀ ਸ਼ੁਰੂਆਤ ਸ਼ਾਮਲ ਹੋਵੇਗੀ। ਵਰਮਿਲੀਅਨ ਹਿੱਲ ਇੱਕ ਕਮਿਊਨਿਟੀ ਤੋਂ ਵੱਧ ਹੈ - ਇਹ ਜੀਵਨ ਭਰ ਦੀਆਂ ਯਾਦਾਂ ਬਣਾਉਣ ਲਈ ਸਹੀ ਜਗ੍ਹਾ ਹੈ!
NEW
Townhomes | Duplexes | Laned Homes | Front Garage
ਵੈੱਬ ਸਾਈਟ ਉੱਪਰ ਜਾਕੇ ਨਵੀਆਂ ਲਾਟਾਂ ਦੇਖੋ:
liveinvermilionhill.com
ਆਪਣੇ ਮਨਪਸੰਦ ਬਿਲਡਰ ਨੂੰ ਮਿਲਕੇ ਆਪਣੀ ਲਾਟ ਅੱਜ ਹੀ ਬੁੱਕ ਕਰਵਾਓ
• NuVista Homes
• Homes by Avi
• Genesis Builders
• Sterling Homes
• Shane Homes
• Broadview Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities

# ਅਦਾਲਤ ਵੱਲੋਂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ

ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ)- ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਬੀਤੇ ਦਿਨੀ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਉੱਤਰੀ ਦਿੱਲੀ ਦੇ ਪੁਲ ਬੰਗਸ਼ ਇਲਾਕੇ ਵਿੱਚ ਤਿੰਨ ਲੋਕਾਂ ਦੇ ਕਥਿਤ ਕਤਲ ਨਾਲ ਸਬੰਧਤ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਕਤਲ ਅਤੇ ਹੋਰ ਅਪਰਾਧਾਂ ਦੇ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ ਹਨ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਮਾਮਲਿਆਂ ਦੀ ਵਿਸ਼ੇਸ਼ ਅਦਾਲਤ ਦੇ ਜੱਜ ਰਾਕੇਸ਼ ਸਿਆਲ ਨੇ ਕਿਹਾ ਕਿ ਉਹਨਾਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਕਾਫ਼ੀ ਸਬੂਤ ਹਨ। ਸੀਬੀਆਈ ਨੇ 20 ਮਈ 2023 ਨੂੰ ਇਸ ਮਾਮਲੇ ਵਿੱਚ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਜੱਜ ਨੇ ਕਿਹਾ, ‘ਦੋਸ਼ੀ ਵਿਅਕਤੀ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਕਾਫ਼ੀ ਆਧਾਰ ਹਨ।’ ਇਸ ਤੋਂ ਪਹਿਲਾਂ ਇੱਕ ਗਵਾਹ ਨੇ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਟਾਈਟਲਰ 1 ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਇੱਕ ਚਿੱਟੇ ਰੰਗ ਦੀ ਅੰਬੈਸਡਰ ਕਾਰ ਵਿੱਚੋਂ ਨਿਕਲਿਆ ਅਤੇ ਭੀੜ ਨੂੰ ਇਹ ਕਹਿ ਕੇ ਭੜਕਾਇਆ, ‘ਸਿੱਖਾਂ ਨੂੰ ਮਾਰ ਦਿਓ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰ ਦਿੱਤਾ ਹੈ।” ਇਸ ਤੋਂ ਬਾਅਦ ਗੁੱਸੇ ’ਚ ਆਈ ਭੀੜ ਨੇ ਤਿੰਨ ਲੋਕਾਂ ਦੀ ਹੱਤਿਆ ਕਰ ਦਿੱਤੀ। ਅਦਾਲਤ ਨੇ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ, ਜਿਸ ਵਿਚ ਗੈਰ-ਕਾਨੂੰਨੀ ਢੰਗ ਨਾਲ ਇਕੱਠੇ ਹੋਣਾ, ਦੰਗੇ ਕਰਨਾ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਵਾ ਦੇਣਾ, ਘਰ ਵਿਚ ਘੁਸਪੈਠ ਅਤੇ ਚੋਰੀ ਸ਼ਾਮਲ ਹਨ। ਅਦਾਲਤ ਨੇ ਅਧਿਕਾਰਤ ਤੌਰ ’ਤੇ ਦੋਸ਼ ਤੈਅ ਕਰਨ ਲਈ 13 ਸਤੰਬਰ ਨੂੰ ਕੇਸ ਸੂਚੀਬੱਧ ਕੀਤਾ ਹੈ। ਇਸ ਤੋਂ ਪਹਿਲਾਂ 19 ਜੁਲਾਈ ਨੂੰ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਇਸ ਮਾਮਲੇ ਵਿੱਚ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।



**ਸੀਬੀਆਈ ਨੇ ਇਹ ਕੀਤਾ ਸੀ ਦਾਅਵਾ :** ਸੀਬੀਆਈ ਨੇ ਆਪਣੀ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਸਿੱਖ ਦੰਗਿਆਂ ਦੌਰਾਨ ਪੁਲ ਬੰਗਸ਼ ਗੁਰਦੁਆਰੇ ਦੇ ਆਜ਼ਾਦ ਮਾਰਕੀਟ ਇਲਾਕੇ ਵਿੱਚ ਮੌਜੂਦ ਜਗਦੀਸ਼ ਟਾਈਟਲਰ ਨੇ ਭੀੜ ਨੂੰ ਭੜਕਾਇਆ ਸੀ, ਜਿਸ ਤੋਂ ਬਾਅਦ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਗਈ ਸੀ। ਇਸ ਹਿੰਸਾ ਵਿੱਚ ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਮਾਰੇ ਗਏ ਸਨ। ਸੀਬੀਆਈ ਨੇ ਟਾਈਟਲਰ ਨੂੰ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 147 (ਦੰਗੇ), 109 (ਉਕਸਾਉਣ) ਅਤੇ 302 (ਕਤਲ) ਦੇ ਤਹਿਤ ਦੋਸ਼ੀ ਠਹਿਰਾਇਆ ਸੀ।

**ਪੀੜਤ ਪਰਿਵਾਰ ਬੋਲਿਆ- ਹੁਣ ਇੱਕ ਉਮੀਦ ਜਾਗੀ ਹੈ :** ਪੀੜਤ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਕਈ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਹੁਣ ਇੱਕ ਉਮੀਦ ਜਾਗੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਨੂੰ ਇਨਸਾਫ਼ ਮਿਲੇ। ਇਸ ਦੌਰਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਹ 40 ਸਾਲਾਂ ਦੀ ਲੜਾਈ ਦਾ ਵੱਡਾ ਸੰਘਰਸ਼ ਸੀ ਅਤੇ ਇਸ ਸੰਘਰਸ਼ ਦੌਰਾਨ ਕਈ ਲੋਕ ਆਏ ਅਤੇ ਕਈ ਲੋਕ ਇਸ ਜ਼ਿੰਦਗੀ ਤੋਂ ਚਲੇ ਗਏ।

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141


CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ ’ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੇਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

## ਜੋੜ-ਮੇਲਾ

# ਜੋੜ-ਮੇਲਾ ਜੋੜਨਾ ਬੜਾ ਔਖਾ ਹੈ, ਤੋੜਨ ਨੂੰ ਤਾਂ ਮਿੰਟ ਵੀ ਨਹੀਂ ਲੱਗਦਾ।





ਮਲਕੀਤ ਸਿੰਘ ਸਿੱਧੂ
(ਰੀਜਾਇਨਾ)
1 (306) 536-1693

ਜਦੋਂ ਅਸੀਂ ਗੁਰਦਵਾਰਾ ਸਾਹਿਬ ਜਾਂਦੇ ਹਾਂ ਤੇ, ਗੁਰੂ ਦੇ ਦਰਬਾਰ ਵਿੱਚ ਬੈਠਦੇ ਹਾਂ ਉਸ ਨੂੰ ਸੰਗਤ ਕਿਹਾ ਜਾਂਦਾ ਹੈ। ਸੰਗਤ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ, ਸੰਗ+ਗਤ, ਸੰਗ ਦਾ ਮਤਲਬ ਸੰਗਠਨ(Unity) ਤੇ ਗਤ ਦਾ ਮਤਲਬ ਕਲਿਆਣ। ਸੰਗਤ ਦਾ ਮਤਲਬ(Unity is strength) ਸੰਗਤ ਤੇ ਪੰਗਤ ਦੋ concept ਦਾ ਪਾਠ ਪੜਾਇਆ ਸੀ, ਸਾਡੇ ਗੁਰੂਆਂ ਨੇ। ਪੰਗਤ ਵੀ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ, ਪੰਗ+ਗਤ, ਪੰਗ ਦਾ ਮਤਲਬ ਹੈ ਲਾਈਨ ਤੇ ਗਤ ਦਾ ਮਤਲਬ ਕਲਿਆਣ। ਅੰਗਰੇਜ ਨੇ ਕਿਹਾ ਸੀ ਕਿ ਜਦੋਂ ਹਿੰਦੋਸਤਾਨੀਆਂ ਨੂੰ ਲਾਈਨ(queue) ਬਣਾਉਣਾ ਆ ਗਿਆ, ਦੇਸ਼ ਛੱਡ ਜਾਵਾਂਗੇ। ਪਰ ਨਾ ਜੀ ਸਾਨੂੰ queue ਬਣਾਨਾ ਨਹੀਂ ਆਇਆ, ਵਿਚਾਰੇ ਅੰਗਰੇਜ ਦੇਸ਼ ਛੱਡ ਕੇ ਚਲੇ ਗਏ।

ਇਹੀ ਸੰਗਤ ਜਦੋਂ ਬਾਹਰ ਇਕੱਠੀ ਹੁੰਦੀ ਹੈ, ਇਸ ਨੂੰ ਜੋੜ-ਮੇਲਾ ਕਿਹਾ ਜਾਂਦਾ ਹੈ, ਭਾਵ ਸਾਰੇ ਭੇਦ-ਭਾਵ ਮਿਟਾ ਕੇ ਜੁੜ ਬੈਠਣਾ ਤੇ ਮੇਲ-ਮਿਲਾਪ ਦੀਆਂ ਗੰਢਾਂ ਪੀਡੀਆਂ ਕਰਨਾ। ਕੱਲ ਸ਼ਾਮ ਇਹੋ ਜਿਹੇ ਜੋੜ-ਮੇਲੇ ਵਿੱਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

ਸਾਡੇ ਸ਼ਹਿਰ ਦੇ ਨਾਮੀ ਬਿਜਨਸਮੈਨ, ਸੰਨੀ ਬਾਜਵਾ ਤੇ ਉਸ ਦੇ ਸਾਥੀਆਂ ਦੇ ਉੱਦਮ ਨਾਲ ਖੁੱਲੇ ਖੇਤਾਂ ਵਿੱਚ ਇਹ ਜੋੜ-ਮੇਲਾ ਕਰਾਇਆ ਗਿਆ ਜਿਸ ਵਿੱਚ ਹਰ ਵਰਗ ਤੇ ਹਰ ਉਮਰ ਦੇ ਆਦਮੀਆਂ ਨੇ ਹਾਜ਼ਰੀਆਂ ਭਰੀਆਂ ਤੇ ਲੰਬੀਆਂ ਬਾਹਾਂ ਕਰਕੇ ਇੱਕ ਦੂਜੇ ਨੂੰ ਮਿਲੇ। ਮਿੱਤਰ ਪਿਆਰਿਓ ਜੋੜਨਾ ਬੜਾ ਔਖਾ ਹੈ, ਤੋੜਨ ਨੂੰ ਤਾਂ ਮਿੰਟ ਵੀ ਨਹੀਂ ਲੱਗਦਾ।

ਸੁਣੀ-ਸੁਣਾਈ ਗੱਲ ਹੈ ਕਿ ਮਹਾਤਮਾ ਬੁੱਧ ਇੱਕ ਐਹੋ ਜਿਹੇ ਇਲਾਕੇ ਵਿੱਚ ਚੱਲਿਆ ਗਿਆ, ਜਿੱਥੇ ਇੱਕ ਖ਼ੂੰਖਾਰ ਡਾਕੂ ਰਹਿੰਦਾ ਸੀ। ਕਦੇ ਵੀ ਕੋਈ ਆਦਮੀ ਇੱਥੋਂ ਜਿਊਂਦਾ ਨਹੀਂ ਸੀ ਮੁੜਿਆ। ਇਲਾਕੇ ਦੇ ਲੋਕਾਂ ਨੇ ਬੁੱਧ ਨੂੰ ਬੜਾ ਸਮਝਾਇਆ ਕੇ ਮਾਰਿਆ ਜਾਵੇਂਗਾ। ਬੁੱਧ ਨੇ ਕਿਹਾ ਕਿ ਫਿਰ ਤਾਂ ਜ਼ਰੂਰ ਜਾਵਾਂ ਗਾ। ਥੋੜੀ ਦੂਰ ਹੀ ਗਿਆ ਸੀ, ਕੁੰਡੀਆਂ ਮੁੱਛਾਂ ਵਾਲੇ ਡਾਕੂ ਨੇ ਲਲਕਾਰਾ ਮਾਰਦਿਆਂ ਕਿਹਾ ਕਿ ਤੈਨੂੰ ਦੱਸਿਆ ਨਹੀਂ ਇਲਾਕੇ ਦੇ ਲੋਕਾਂ ਨੇ ਕਿ ਮੈਂ ਕਿੰਨਾ ਬਲਵਾਨ ਹਾਂ, ਤਲਵਾਰ ਦੇ ਇੱਕ ਵਾਰ ਨਾਲ ਸਿਰ ਕਲਮ ਕਰ ਦਿੰਦਾ ਹਾਂ।ਬੁੱਧ ਕਹਿੰਦਾ ਅੱਛਾ ਇਹ ਗੱਲ ਹੈ ਤਾਂ ਇਉਂ ਕਰ ਔਹ ਦਰੱਖਤ ਦਾ ਟਾਹਣਾ ਵੱਢ ਕੇ ਵਿਖਾ। ਡਾਕੂ ਨੇ ਤਲਵਾਰ ਚਲਾਈ ਤੇ ਟਾਹਣਾ ਦਰੱਖਤ ਨਾਲੋਂ ਵੱਖ ਕਰ ਦਿੱਤਾ। ਬੁੱਧ ਨੇ ਕਿਹਾ ਵਾਹ ਬਈ ਵਾਹ ਕਿਆ ਬਾਤ ਹੈ। ਫਿਰ ਮਹਾਤਮਾ ਬੁੱਧ ਨੇ ਡਾਕੂ ਨੂੰ ਕਿਹਾ ਕੇ ਜੇ ਤੂੰ ਐਨਾ ਹੀ ਬਲਵਾਨ ਹੈਂ ਤਾਂ ਇਸ ਟਾਹਣੇ ਨੂੰ ਮੁੜ ਦਰੱਖਤ ਨਾਲ ਜੋੜ ਕੇ ਦਿਖਾ। ਡਾਕੂ ਬੁੱਧ ਨੂੰ ਕਹਿੰਦਾ ਬੁੱਧੂਆ ਟੁੱਟੇ ਵੀ ਕਦੀ ਜੁੜੇ ਹਨ। ਬੁੱਧ ਕਹਿੰਦਾ ਵੱਢਿਆ ਭਲਵਾਨਾਂ ਤੈਨੂੰ ਤੋੜਨਾ ਈ ਆਉਂਦਾ ਹੈ, ਜੋੜਨਾ ਨਹੀਂ, ਤੋੜ ਤਾਂ ਹਰ ਕੋਈ ਸਕਦਾ ਹੈ, ਪਰ ਜੋੜਨਾ ਕਿਸੇ-ਕਿਸੇ ਨੂੰ ਆਉਂਦਾ ਹੈ। ਸੋ ਸੰਨੀ ਐਂਡ ਕੰਪਨੀ ਨੇ ਜੁੜਿਆਂ ਨੂੰ ਜੁੜੇ ਰਹਿਣ ਤੇ ਟੁੱਟਿਆਂ ਨੂੰ ਮੁੜ ਜੋੜਨ ਲਈ ਇਸ ਜੋੜ ਮੇਲੇ ਦਾ ਪ੍ਰਬੰਧ ਕੀਤਾ। ਉਹਨਾਂ ਦਾ ਇਹ ਕਦਮ ਬਹੁਤ ਲਾਹੇ ਬੰਦ ਸਾਬਤ ਹੋਵੇਗਾ। Thank you so much guys for inviting me to the ਜੋੜ-ਮੇਲਾ। I enjoyed every minute of it.

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com